ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 8 ਅਪ੍ਰੈਲ 2025 (ਨਾਨਕਸ਼ਾਹੀ ਸੰਮਤ : ੫੫੭, ੨੬ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111, +447976210161, +919729091243




## ਪਟਿਆਲਾ 'ਚ ਔਰਤ ਨੂੰ ਬੰਨ੍ਹਣ ਦੇ ਮਾਮਲੇ 'ਚ ਪੰਜਾਬ ਮਹਿਲਾ ਕਮਿਸ਼ਨ ਦੀ ਵੱਡੀ ਕਾਰਵਾਈ

**ਚੰਡੀਗੜ੍ਹ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**:-ਪੰਜਾਬ ਦੇ ਪਟਿਆਲਾ ਜ਼ਿਲ੍ਹੇ 'ਚ ਇਕ ਔਰਤ ਨਾਲ ਹੋਇਆ ਅਮਾਨਵੀ ਵਤੀਰਾ ਸੂਬੇ ਭਰ 'ਚ ਗੁੱਸੇ ਅਤੇ ਨਿੰਦਾ ਦਾ ਵਿਸ਼ਾ ਬਣ ਗਿਆ ਹੈ। ਇਸ 'ਤੇ ਮਹਿਲਾ ਕਮਿਸ਼ਨ ਨੇ ਵੱਡੀ ਕਾਰਵਾਈ ਕਰਦਿਆਂ ਸਖ਼ਤ ਹੁਕਮ ਜਾਰੀ ਕੀਤੇ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇਕ ਵੀਡੀਓ ਅਤੇ ਤਸਵੀਰ 'ਚ ਇਹ ਦਿਖਾਇਆ ਗਿਆ ਕਿ ਇਕ ਔਰਤ ਨੂੰ ਲੋਕਾਂ ਨੇ ਰੱਸੀਆਂ ਨਾਲ ਬੰਨ੍ਹ ਕੇ ਚੌਂਕ 'ਚ ਖੜ੍ਹਾ ਕਰ ਦਿੱਤਾ। ਦਾਅਵਾ ਕੀਤਾ ਜਾ ਰਿਹਾ ਹੈ ਕਿ ਉਕਤ ਔਰਤ ਦਾ ਪੁੱਤਰ ਗੁਆਂਢ 'ਚ ਰਹਿੰਦੀ 2 ਬੱਚਿਆਂ ਦੀ ਮਾਂ ਨੂੰ ਲੈ ਕੇ ਫ਼ਰਾਰ ਹੋ ਗਿਆ ਸੀ। ਇਸ ਦੀ ਸਜ਼ਾ ਪਿੰਡ ਵਾਲਿਆਂ ਨੇ ਉਸ ਦੀ ਮਾਂ ਨੂੰ ਦਿੱਤੀ। ਲੋਕਾਂ ਨੇ ਤਾਲਿਬਾਨੀ ਸਜ਼ਾ ਦੇ ਤੌਰ 'ਤੇ ਔਰਤ ਨੂੰ 4 ਘੰਟੇ ਤੱਕ ਰੱਸੀਆਂ ਨਾਲ ਬੰਨ੍ਹੀ ਰੱਖਿਆ। ਇਹ ਸਾਰੀ ਘਟਨਾ ਕਸਬੇ ਦੇ ਇੱਕ ਅਮਨ-ਸ਼ਾਂਤੀਪੂਰਨ ਇਲਾਕੇ 'ਚ ਹੋਈ, ਜਿਸ ਨੇ ਸਥਾਨਕ ਲੋਕਾਂ ਅਤੇ ਸੂਬੇ ਵਾਸੀਆਂ ਨੂੰ ਹਿਲਾ ਦਿੱਤਾ। ਇਹ ਮਾਮਲਾ ਜਦੋਂ ਮੀਡੀਆ ਅਤੇ ਸੋਸ਼ਲ ਪਲੇਟਫਾਰਮਾਂ ਰਾਹੀਂ ਸਾਹਮਣੇ ਆਇਆ ਤਾਂ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਤੁਰੰਤ ਨੋਟਿਸ ਲੈਂਦਿਆਂ ਸਨੌਰ ਪੁਲਸ ਕਪਤਾਨ ਨੂੰ ਲਿਖ਼ਤੀ ਨਿਰਦੇਸ਼ ਜਾਰੀ ਕੀਤੇ। ਕਮਿਸ਼ਨ ਨੇ ਪੁਲਸ ਨੂੰ ਮਾਮਲੇ ਦੀ ਜਾਂਚ ਕਰਕੇ ਵਿਸਥਾਰਪੂਰਕ ਰਿਪੋਰਟ ਸਬਮਿਟ ਕਰਨ ਦਾ ਹੁਕਮ ਦਿੱਤਾ ਹੈ। ਕਮਿਸ਼ਨ ਦੇ ਚੇਅਰਪਸਨ ਵੱਲੋਂ ਜਾਰੀ ਕੀਤੇ ਪੱਤਰ ਵਿੱਚ ਮਾਮਲੇ ਨੂੰ ਸੰਵਿਧਾਨਿਕ ਅਧਿਕਾਰਾਂ ਦੀ ਉਲੰਘਣਾ ਅਤੇ ਔਰਤਾਂ ਦੀ ਅਸਮਾਨਤਾ ਵਾਲੀ ਸੋਚ ਦਾ ਪ੍ਰਤੀਕ ਕਿਹਾ ਗਿਆ ਹੈ।

### ਹੁਣ ਕਰਾਂਗੇ ਘਿਰਾਓ ਪਰ ਤੁਸੀਂ ਟਕਰਾਅ ਚਾਹੁੰਦੇ ਹੋ ਤਾਂ ਅਸੀਂ ਵੀ ਦੇਵਾਂਗੇ ਮੋੜਵਾਂ ਜਵਾਬ

# ਕਿਸਾਨਾਂ ਨੇ ਲਲਕਾਰੀ ਸਰਕਾਰ !

**ਚੰਡੀਗੜ੍ਹ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**:-ਪੰਜਾਬ ਵਿੱਚ ਸ਼ੰਭੂ ਅਤੇ ਖਨੌਰੀ ਸਰਹੱਦਾਂ ਖਾਲੀ ਕਰਵਾਉਣ ਤੋਂ ਬਾਅਦ ਸੜਕਾਂ ਸਾਫ਼ ਕਰ ਦਿੱਤੀਆਂ ਗਈਆਂ ਹਨ, ਪਰ ਕਿਸਾਨਾਂ ਦਾ ਗੁੱਸਾ ਅਜੇ ਵੀ ਘੱਟ ਨਹੀਂ ਹੋਇਆ ਹੈ। ਆਪਣੀਆਂ ਮੰਗਾਂ 'ਤੇ ਅੜੇ ਕਿਸਾਨ ਲਗਾਤਾਰ ਨਵੀਆਂ ਰਣਨੀਤੀਆਂ ਬਣਾ ਰਹੇ ਹਨ। ਇਸ ਤਹਿਤ ਕਿਸਾਨ ਮਜ਼ਦੂਰ ਮੋਰਚਾ ਦੀ ਇੱਕ ਮਹੱਤਵਪੂਰਨ ਮੀਟਿੰਗ ਲੁਧਿਆਣਾ ਦੇ ਮਾਲਵਾ ਕਾਲਜ ਨੇੜੇ ਫਿਰੋਜ਼ਪੁਰ ਰੋਡ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਹੋਈ, ਜਿਸ ਵਿੱਚ ਸਰਵਣ ਸਿੰਘ ਪੰਧੇਰ ਤੇ ਦਿਲਬਾਗ ਸਿੰਘ ਗਿੱਲ ਸਮੇਤ ਕਈ ਕਿਸਾਨ ਆਗੂਆਂ ਨੇ ਸ਼ਿਰਕਤ ਕੀਤੀ। ਲਗਭਗ 3 ਘੰਟੇ ਚੱਲੀ ਇਸ ਮੀਟਿੰਗ ਤੋਂ ਬਾਅਦ, ਕਿਸਾਨ ਆਗੂਆਂ ਨੇ ਅਗਲੀ ਰਣਨੀਤੀ ਦਾ ਐਲਾਨ ਕੀਤਾ। ਸਰਵਣ ਸਿੰਘ ਪੰਧੇਰ ਨੇ ਐਲਾਨ ਕੀਤਾ ਕਿ 11 ਅਪ੍ਰੈਲ ਨੂੰ ਵਿਧਾਇਕ ਲਾਡੀ ਢੌਸ ਦੇ ਘਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ, ਕਿਉਂਕਿ ਉਨ੍ਹਾਂ ਨੇ ਕਿਸਾਨਾਂ ਨਾਲ ਬਦਤਮੀਜ਼ੀ ਕੀਤੀ ਹੈ, ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਗੁੱਸਾ ਹੈ। ਪੰਧੇਰ ਨੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਵੱਡੀ ਗਿਣਤੀ ਵਿੱਚ ਇਸ ਮੋਰਚੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਪੰਧੇਰ ਨੇ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਸੀ ਕਿ ਅਮਨ ਅਰੋੜਾ ਆਪਣੇ ਵਰਕਰਾਂ ਨੂੰ ਕਿਸਾਨਾਂ ਵਿਰੁੱਧ ਨਾਅਰੇਬਾਜ਼ੀ ਕਰਨ ਲਈ ਮੈਦਾਨ ਵਿੱਚ ਉਤਾਰੇਗਾ। ਉਨ੍ਹਾਂ ਇਸ ਮਾਮਲੇ ਵਿੱਚ ਡੀਜੀਪੀ ਦੇ ਦਖ਼ਲ ਦੀ ਮੰਗ ਕੀਤੀ ਤਾਂ ਜੋ ਸਥਿਤੀ ਹੋਰ ਨਾ ਵਿਗੜੇ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਜਾਣਬੁੱਝ ਕੇ ਟਕਰਾਅ ਵਾਲੀ ਸਥਿਤੀ ਪੈਦਾ ਕਰ ਰਹੀ ਹੈ ਅਤੇ ਜੇ ਕੁਝ ਹੁੰਦਾ ਹੈ ਤਾਂ ਇਸਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਕਿਸਾਨਾਂ ਵਿੱਚ ਏਕਤਾ ਬਣਾਈ ਰੱਖਣ ਲਈ, ਪੰਧੇਰ ਨੇ ਕਿਹਾ ਕਿ ਐਸਕੇਐਮ (ਸੰਯੁਕਤ ਕਿਸਾਨ ਮੋਰਚਾ) ਨੂੰ ਪਹਿਲਾਂ ਹੀ ਇੱਕ ਪੱਤਰ ਲਿਖਿਆ ਜਾ ਚੁੱਕਾ ਹੈ ਅਤੇ ਇਸਨੂੰ ਦੁਬਾਰਾ ਲਿਖਿਆ ਜਾਵੇਗਾ ਤਾਂ ਜੋ ਕੇਂਦਰ ਸਰਕਾਰ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜੀ ਜਾ ਸਕੇ। ਪੰਧੇਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਦੋਲਨ 'ਤੇ ਕਾਰਵਾਈ ਕਰਕੇ ਕਿਸਾਨਾਂ ਦੀ ਦੁਸ਼ਮਣੀ ਦਾ ਬੋਝ ਪਾਇਆ ਹੈ ਤੇ ਹੁਣ ਕਿਸਾਨ ਵੀ ਇਸਦਾ ਜਵਾਬ ਦੇਣਗੇ।



## ਖਾਲਿਸਤਾਨ ਹਮਾਇਤੀਆਂ ਵੱਲੋਂ ਪੁਲਿਸ ਸਟੇਸ਼ਨ 'ਤੇ ਰਾਕੇਟ ਲਾਂਚਰ ਨਾਲ ਹਮਲਾ

**ਬਟਾਲਾ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**:-ਖਾਲਿਸਤਾਨੀ ਪੱਖੀਆਂ ਨੇ ਰਾਤ ਕਰੀਬ 12:35 ਵਜੇ ਬਟਾਲਾ ਦੇ ਕਿਲਾ ਲਾਲ ਸਿੰਘ ਪੁਲਿਸ ਸਟੇਸ਼ਨ ਨੇੜੇ ਹਮਲਾ ਕਰਨ ਦਾ ਦਾਅਵਾ ਕੀਤਾ ਹੀ। ਇਹ ਦਾਅਵਾ ਸੋਸ਼ਲ ਮੀਡੀਆ ਉਪਰ ਪੋਸਟ ਸਾਂਝੀ ਕਰਕੇ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਬਟਾਲਾ ਦੀ ਪੁਲਿਸ ਚੌਕੀ 'ਤੇ ਹਮਲਾ ਹੈਪੀ ਪਾਸੀਆਂ ਵੱਲੋਂ ਕਰਵਾਇਆ ਗਿਆ ਹੈ। ਇਹ ਹਮਲਾ ਰਾਕੇਟ ਲਾਂਚਰ ਨਾਲ ਕੀਤਾ ਗਿਆ ਹੈ। ਇਸ ਹਮਲੇ ਨੂੰ ਪੀਲੀਭੀਤ ਵਿੱਚ ਉੱਤਰ ਪ੍ਰਦੇਸ਼ ਤੇ ਪੰਜਾਬ ਪੁਲਿਸ ਵੱਲੋਂ ਤਿੰਨ ਨੌਜਵਾਨਾਂ ਦੇ ਕੀਤੇ ਗਏ ਮੁਕਾਬਲੇ ਦਾ ਬਦਲਾ ਕਿਹਾ ਗਿਆ ਹੈ। ਬੇਸ਼ੱਕ ਪੰਜਾਬ ਪੁਲਿਸ ਨੇ ਧਮਾਕੇ ਦੀ ਅਜੇ ਪੁਸ਼ਟੀ ਨਹੀਂ ਕੀਤੀ ਪਰ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜ਼ੋਰਦਾਰ ਧਮਾਕੇ ਨਾਲ ਆਸ-ਪਾਸ ਦੇ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਕਿਲਾ ਲਾਲ ਸਿੰਘ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਬੀਤੀ ਰਾਤ ਤਿੰਨ ਜ਼ੋਰਦਾਰ ਧਮਾਕੇ ਸੁਣੇ ਗਏ। ਹਾਲਾਂਕਿ, ਪੁਲਿਸ ਨੇ ਇਸ ਸਬੰਧ ਵਿੱਚ ਕੋਈ ਸਪੱਸ਼ਟ ਬਿਆਨ ਜਾਰੀ ਨਹੀਂ ਕੀਤਾ। ਇਹ ਧਮਾਕਾ ਬਟਾਲਾ ਦੇ ਫਤਿਹਗੜ੍ਹ ਚੂੜੀਆਂ ਸ਼ਹਿਰ ਦੇ ਕਿਲਾ ਲਾਲ ਸਿੰਘ ਪੁਲਿਸ ਥਾਣੇ ਦੇ ਸਾਹਮਣੇ ਤੋਂ ਲੰਘਦੀ ਨਹਿਰ ਨੇੜੇ ਹੋਇਆ ਹੈ। ਸੂਤਰਾਂ ਮੁਤਾਬਕ ਸਥਾਨਕ ਲੋਕਾਂ ਨੇ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਪੁਲਿਸ ਨੇ ਰਾਤ ਤੋਂ ਹੀ ਥਾਣੇ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਹਾਲਾਂਕਿ, ਪੁਲਿਸ ਅਜੇ ਤੱਕ ਧਮਾਕੇ ਬਾਰੇ ਕੋਈ ਅਧਿਕਾਰਤ ਜਾਣਕਾਰੀ ਨਹੀਂ ਦੇ ਰਹੀ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

**ਸ਼ੇਅਰ ਕੀਤੀ ਪੋਸਟ** : ਖਾਲਿਸਤਾਨੀ ਸੰਗਠਨ ਵੱਲੋਂ ਕੀਤੀ ਗਈ ਪੋਸਟ ਵਿੱਚ ਲਿਖਿਆ ਹੈ - ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ... ਬਟਾਲਾ ਨੇੜੇ ਪਿੰਡ ਕਿਲਾ ਲਾਲ ਸਿੰਘ ਦੇ ਪੁਲਿਸ ਸਟੇਸ਼ਨ 'ਤੇ ਬੀਤੀ ਰਾਤ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਗਿਆ। ਅਸੀਂ ਹੈਪੀ ਪਾਸੀਆਂ, ਮੰਨੂੰ ਅਗਵਾਨ ਤੇ ਗੋਪੀ ਨਵਾਂਸ਼ਹਿਰ ਇਸ ਦੀ ਜ਼ਿੰਮੇਵਾਰੀ ਲੈਂਦੇ ਹਾਂ। ਇਹ ਯੂਪੀ ਦੇ ਪੀਲੀਭੀਤ ਤੇ ਬਟਾਲਾ ਵਿੱਚ ਪੁਲਿਸ ਦੁਆਰਾ ਕੀਤੇ ਗਏ ਮੁਕਾਬਲਿਆਂ ਦਾ ਬਦਲਾ ਸੀ। ਮੁਕਾਬਲੇ ਦੌਰਾਨ ਮੁਨਸ਼ੀ ਤੋਂ ਲੈ ਕੇ ਪੁਲਿਸ ਅਧਿਕਾਰੀ ਤੱਕ ਉਹ ਸਾਰੇ ਪੁਲਿਸ ਕਰਮਚਾਰੀ ਜਿਨ੍ਹਾਂ ਦੇ ਨਾਮ ਐਫ. ਆਈ. ਆਰ. ਵਿੱਚ ਦੱਸੇ ਗਏ ਹਨ, ਅਸੀਂ ਉਨ੍ਹਾਂ ਨੂੰ 31 ਤਰੀਕ ਤੱਕ ਸਜ਼ਾ ਦੇਵਾਂਗੇ।

## ਦਿੱਲੀ 'ਚ ਲੂ ਦਾ ਹਮਲਾ; 41 ਡਿਗਰੀ ਤਾਪਮਾਨ, ਸੀਜ਼ਨ ਦਾ ਸਭ ਤੋਂ ਗਰਮ ਦਿਨ ਦਰਜ



**ਨਵੀਂ ਦਿੱਲੀ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**:-ਦਿੱਲੀ ਦੇ ਨਾਲ-ਨਾਲ ਐਨਸੀਆਰ ਦੇ ਵੱਖ-ਵੱਖ ਹਿੱਸਿਆਂ ਵਿੱਚ ਗਰਮੀ ਦੀ ਲਹਿਰ ਚੱਲ ਰਹੀ ਹੈ। ਸੋਮਵਾਰ ਨੂੰ ਵੀ ਦਿੱਲੀ ਵਿੱਚ ਕਈ ਥਾਵਾਂ 'ਤੇ ਗਰਮੀ ਦੀ ਲਹਿਰ ਦੇਖੀ ਗਈ। ਸੋਮਵਾਰ ਨੂੰ ਦਿੱਲੀ ਵਿੱਚ ਇਸ ਸੀਜ਼ਨ ਦਾ ਸਭ ਤੋਂ ਗਰਮ ਦਿਨ ਦਰਜ ਕੀਤਾ ਗਿਆ। ਦਿੱਲੀ ਦੇ ਰਿਜ ਅਤੇ ਆਇਆਨਗਰ ਇਲਾਕਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 41 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਗਿਆਨੀਆਂ ਦੇ ਅਨੁਸਾਰ ਸਾਲ 2022 ਤੋਂ ਬਾਅਦ ਅਪ੍ਰੈਲ ਦੇ ਮਹੀਨੇ ਦਿੱਲੀ ਵਿੱਚ ਗਰਮੀ ਦੀ ਲਹਿਰ ਦੇ ਹਾਲਾਤ ਦੇਖੇ ਗਏ। ਆਈਐਮਡੀ ਨੇ ਭਵਿੱਖਬਾਣੀ ਕੀਤੀ ਹੈ ਕਿ ਅਗਲੇ ਦੋ ਦਿਨਾਂ ਦੌਰਾਨ ਮੌਸਮ ਲਗਭਗ ਇੱਕੋ ਜਿਹਾ ਰਹੇਗਾ। ਮੌਸਮ ਵਿਭਾਗ ਨੇ 8 ਅਤੇ 9 ਅਪ੍ਰੈਲ ਨੂੰ ਦਿੱਲੀ ਵਿੱਚ ਗਰਮੀ ਦੀ ਲਹਿਰ ਲਈ ਪੀਲਾ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਨੇ ਭਵਿੱਖਬਾਣੀ ਕੀਤੀ ਹੈ ਕਿ 8 ਅਤੇ 9 ਅਪ੍ਰੈਲ ਨੂੰ ਵੀ ਦਿੱਲੀ ਵਿੱਚ ਗਰਮੀ ਦੀ ਲਹਿਰ ਦੀ ਸਥਿਤੀ ਬਣੀ ਰਹਿ ਸਕਦੀ ਹੈ। ਇਨ੍ਹਾਂ ਦੋਵਾਂ ਦਿਨਾਂ ਦੌਰਾਨ, ਵੱਧ ਤੋਂ ਵੱਧ ਤਾਪਮਾਨ 40 ਤੋਂ 42 ਡਿਗਰੀ ਤੱਕ ਪਹੁੰਚਣ ਦੀ ਉਮੀਦ ਹੈ ਜਦੋਂ ਕਿ ਘੱਟੋ-ਘੱਟ ਤਾਪਮਾਨ 21 ਤੋਂ 24 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਉਮੀਦ ਹੈ। ਇਸ ਦੇ ਲਈ ਮੌਸਮ ਵਿਭਾਗ ਨੇ ਪੀਲਾ ਅਲਰਟ ਵੀ ਜਾਰੀ ਕੀਤਾ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਤੇਜ਼ ਧੁੱਪ ਅਤੇ ਸਾਫ਼ ਅਸਮਾਨ ਕਾਰਨ ਦਿੱਲੀ ਦੇ ਨਾਲ-ਨਾਲ ਐਨਸੀਆਰ ਖੇਤਰਾਂ ਵਿੱਚ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ।

## ਪੰਜਾਬ ਦੇ ਨੀਂਹ ਪੱਥਰਾਂ 'ਤੇ ਲਿਖੇ ਜਾ ਰਹੇ ਨੇ ਦਿੱਲੀ ਆਲਿਆਂ ਦੇ ਨਾਂਅ

**ਨਵਾਂਸ਼ਹਿਰ/ਜਲੰਧਰ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**:-ਨਵਾਂਸ਼ਹਿਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਸਕੂਲ ਆਫ਼ ਐਮੀਨੈਂਸ ਦਾ ਉਤਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਮਨੀਸ਼ ਸਿਸੋਦੀਆ ਵੀ ਮੌਜੂਦ ਰਹੇ। ਸਕੂਲ ਆਫ਼ ਐਮੀਨੈਂਸ ਦੇ ਉਦਘਾਟਨ ਦੌਰਾਨ ਭਗਵੰਤ ਮਾਨ ਅਤੇ ਮਨੀਸ਼ ਸਿਸੋਸੀਆ ਵੱਲੋਂ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ ਗਈ। ਹਾਲਾਂਕਿ ਇਸ ਦੌਰਾਨ ਨੀਂਹ ਪੱਥਰ ਰੱਖੇ ਜਾਣ ਉੱਤੇ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਦਾ ਨਾਂਅ ਲਿਖੇ ਜਾਣੇ ਉੱਤੇ ਵਿਵਾਦ ਹੋ ਰਿਹਾ ਹੈ। ਇਸ ਨੂੰ ਲੈ ਕੇ ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਮੁੱਖ ਮੰਤਰੀ ਭਗਵੰਤ ਮਾਨ ਜੀ, ਤੁਹਾਡੇ ਲੁਕੋਇਆ ਇਹ ਕੰਮ ਹੁਣ ਲੁਕਣ ਵਾਲਾ ਨਹੀਂ—ਤੁਸੀਂ ਪੰਜਾਬ ਦੇ ਸਰਕਾਰੀ ਕੰਮਾਂ ਵਿੱਚ ਦਿੱਲੀ ਦੇ ਨਕਾਰੇ ਲੀਡਰਾਂ ਦੇ ਨਾਮ ਥੋਪ ਰਹੇ ਹੋ, ਜਿਨ੍ਹਾਂ ਕੋਲ ਇੱਥੇ ਕੋਈ ਸੰਵਿਧਾਨਕ ਅਹੁਦਾ ਨਹੀਂ! ਜੇ ਤੁਹਾਨੂੰ ਦਿੱਲੀ ਵਾਲਿਆਂ ਦੇ ਨਾਮ ਪੰਜਾਬ ਦੇ ਸਰਕਾਰੀ ਕੰਮਾਂ 'ਤੇ ਲਿਖਣ ਦਾ ਇਹਨਾ ਹੀ ਚਾਅ ਹੈ, ਤਾਂ ਚੰਗਾ ਹੋਵੇਗਾ ਕਿ ਲੁਧਿਆਣਾ ਪੱਛਮੀ ਤੋਂ ਉਨ੍ਹਾਂ ਨੂੰ ਚੋਣ ਲੜਵਾ ਕੇ ਸਿੱਧਾ ਆਪਣੀ ਕੁਰਸੀ 'ਤੇ ਬਿਠਾ ਦਿਉ! ਜ਼ਿਕਰ ਕਰ ਦਈਏ ਕਿ ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੀਂਹ ਪੱਥਰ ਰੱਖੇ ਜਾਣ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਸੋਸ਼ਲ ਮੀਡੀਆ ਉੱਤੇ ਲਿਖਿਆ, ਰੰਗਲੇ ਪੰਜਾਬ ਦਾ ਸਿੱਖਿਆ ਕ੍ਰਾਂਤੀ ਵੱਲ ਇੱਕ ਹੋਰ ਇਤਿਹਾਸਕ ਕਦਮ! ਅੱਜ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਜੀ ਨਾਲ 5.68 ਕਰੋੜ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਏ ਸਕੂਲ ਆਫ਼ ਐਮੀਨੈਂਸ ਦਾ ਉਦਘਾਟਨ ਕੀਤਾ। ਅੱਜ ਪੂਰੇ ਪੰਜਾਬ 'ਚ ਇਸ ਤਰ੍ਹਾਂ ਦੇ ਲਗਭਗ 350 ਹੋਰ ਸ਼ਾਨਦਾਰ ਸਰਕਾਰੀ ਸਕੂਲ ਬੱਚਿਆਂ ਨੂੰ ਸਮਰਪਿਤ ਕੀਤੇ ਗਏ। ਜਿਸ ਵਿੱਚ ਬੱਚਿਆਂ ਨੂੰ ਚੰਗੀ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਬੇਹੱਦ ਸ਼ਾਨਦਾਰ ਇਹ ਸਕੂਲ ਸਿੱਖਿਆ ਦੇ ਨਾਲ-ਨਾਲ ਸਹੂਲਤਾਂ 'ਚ ਵੀ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਣਗੇ। ਸੂਬੇ ਦੇ ਵਿਦਿਆਰਥੀਆਂ ਨੂੰ ਕੁਆਲਿਟੀ ਸਿੱਖਿਆ ਦੇਣ ਲਈ ਸਾਡੀ ਸਰਕਾਰ ਲਗਾਤਾਰ ਯਤਨ ਕਰ ਰਹੀ ਹੈ। ਜਲਦ ਹੀ ਸਿੱਖਿਆ ਦੇ ਖੇਤਰ 'ਚ ਪੰਜਾਬ ਇੱਕ ਮੋਹਰੀ ਸੂਬਾ ਬਣੇਗਾ। ਭਗਵੰਤ ਮਾਨ ਨੇ ਆਪਣੇ ਸੰਬੋਧਨ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਵਿਚ 17 ਹਜ਼ਾਰ ਕਰੋੜ ਤੋਂ ਵਧੇਰੇ ਦਾ ਬਜਟ ਸਿੱਖਿਆ ਲਈ ਰੱਖਿਆ ਗਿਆ ਹੈ। ਪਹਿਲਾਂ ਸਾਰੀ ਕਮਾਈ ਪੜ੍ਹਾਈ 'ਚ ਚਲੀ ਜਾਂਦੀ ਸੀ।ਪੰਜਾਬ ਵਿਚ ਦਿੱਲੀ ਦੇ ਸਿੱਖਿਆ ਮਾਡਲ ਨੂੰ ਅਪਣਾਇਆ ਗਿਆ ਅਤੇ ਨਵੀਂ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਹੋਈ। ਭਗਵੰਤ ਮਾਨ ਨੇ ਕਿਹਾ ਕਿ ਹੁਣ ਪ੍ਰਾਈਵੇਟ ਸਕੂਲਾਂ ਤੋਂ ਬੱਚੇ ਸਰਕਾਰੀ ਸਕੂਲਾਂ ਵਿਚ ਦਾਖ਼ਲੇ ਲੈ ਰਹੇ ਹਨ। ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਟਰੇਨਿੰਗ ਲਈ ਵਿਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ। ਪੰਜਾਬ ਵਿਚ ਵੀ ਹੁਣ ਲੋਕਾਂ ਵਿਚਾਲੇ ਸਰਕਾਰੀ ਸਕੂਲਾਂ ਦੀ ਚਰਚਾ ਹੋ ਰਹੀ ਹੈ। ਭਗਵੰਤ ਮਾਨ ਨੇ ਕਿ ਪੰਜਾਬ ਵਿਚ ਹੁਣ ਤੱਕ ਬਿਨਾਂ ਸਿਫ਼ਾਰਿਸ਼ ਦੇ 54,003 ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਨਿਯੁਕਤੀ ਪੱਤਰ ਦਿੱਤੇ ਜਾਣਗੇ।



## ਸ਼੍ਰੋਮਣੀ ਕਮੇਟੀ ਵੱਲੋਂ ਖਾਲਸਾ ਸਾਜਣਾ ਦਿਵਸ ਮੌਕੇ 1942 ਸ਼ਰਧਾਲੂਆਂ ਦਾ ਜਥਾ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਰਵਾਨਾ ਹੋਵੇਗਾ ਪਾਕਿਸਤਾਨ

**ਨਵੀਂ ਦਿੱਲੀ, 7 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:- ਖਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ 1942 ਸ਼ਰਧਾਲੂਆਂ ਨੂੰ ਵੀਜੇ ਪ੍ਰਾਪਤ ਹੋਏ ਹਨ। ਇਹ ਜਥਾ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਰਵਾਨਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 1942 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੂੰ ਭੇਜੇ ਗਏ ਸਨ, ਜਿਨ੍ਹਾਂ ਨੂੰ ਦੂਤਾਵਾਸ ਵੱਲੋਂ ਵੀਜ਼ਾ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਖਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਣਾ ਹੈ। ਇਹ ਜਥਾ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜੈਕਾਰਿਆਂ ਦੀ ਗੂੰਜ ਵਿਚ ਰਵਾਨਾ ਹੋਵੇਗਾ, ਜੋ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਮੁੱਖ ਸਮਾਗਮ ਵਿੱਚ ਸ਼ਾਮਲ ਹੋਣ ਉਪਰੰਤ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਕੇ 19 ਅਪ੍ਰੈਲ ਨੂੰ ਵਾਪਸ ਦੇਸ਼ ਪਰਤੇਗਾ। ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਪਾਕਿਸਤਾਨ ਜਾਣ ਵਾਲੇ ਸ਼ਰਧਾਲੂ ਜਿਨ੍ਹਾਂ ਦੇ ਵੀਜੇ ਲੱਗੇ ਹਨ ਉਹ ਆਪਣੇ ਪਾਸਪੋਰਟ 9 ਅਪ੍ਰੈਲ ਨੂੰ ਦਫ਼ਤਰੀ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੋਂ ਪ੍ਰਾਪਤ ਕਰਨ। ਇਸੇ ਦੌਰਾਨ ਓਐਸਡੀ ਸ. ਸਤਬੀਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਦੂਤਾਵਾਸ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਸਾਰੇ ਨਾਵਾਂ ਨੂੰ ਵੀਜ਼ਾਂ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਬਹੁਤ ਸਾਰੇ ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਸੀ ਦਿੱਤਾ ਜਾਂਦਾ, ਜਿਸ ਨਾਲ ਸ਼ਰਧਾਲੂਆਂ ਦੀ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜਦੀ ਸੀ। ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ ਤੇ ਮੁੱਖ ਸਕੱਤਰ ਸ ਕੁਲਵੰਤ ਸਿੰਘ ਮੰਨਣ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਸਾਰੇ ਸ਼ਰਧਾਲੂਆਂ ਨੂੰ ਵੀਜ਼ਾ ਦੇਣ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਸਾਰੇ ਨਾਵਾਂ ਨੂੰ ਖੁਲ੍ਹਦਿਲੀ ਨਾਲ ਵੀਜ਼ਾਂ ਦੇਣ ਲਈ ਪਾਕਿਸਤਾਨ ਦੂਤਾਵਾਸ ਦੇ ਅਧਿਕਾਰੀਆਂ ਦੇ ਨਾਲ ਨਾਲ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦਾ ਵੀ ਧੰਨਵਾਦ ਕਰਦੇ ਹਨ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

### ਸ਼ਹੀਦ ਬਾਬਾ ਤਾਰਾ ਸਿੰਘ ਪਬਲਿਕ ਸੀ. ਸੈ. ਸਕੂਲ ਵਾਂ ਤਾਰਾ ਸਿੰਘ' ਦਾ ਪੰਜਵੀਂ ਤੇ ਅੱਠਵੀਂ ਦਾ ਬੋਰਡ ਦਾ ਨਤੀਜਾ' ਰਿਹਾ ਸ਼ਾਨਦਾਰ

# ਸਕੂਲ ਦੇ ਪ੍ਰਿੰਸੀਪਲ ਸ੍ਰ ਹਰਜੀਤ ਸਿੰਘ ਅਤੇ ਚੇਅਰਮੈਨ ਸ੍ਰ ਸਰਬਜੀਤ ਸਿੰਘ ਨੇ ਬੱਚਿਆਂ ਨੂੰ ਇਨਾਮ ਵੰਡੇ






ਅੱਜ ਸ਼ਹੀਦ ਬਾਬਾ ਤਾਰਾ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਾਂ ਤਾਰਾ ਸਿੰਘ' ਵਿਖੇ ਪੰਜਵੀਂ ਅਤੇ ਅੱਠਵੀਂ ਕਲਾਸ ਦਾ ਬੋਰਡ ਦਾ ਨਤੀਜਾ ਐਲਾਨਿਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰ ਹਰਜੀਤ ਸਿੰਘ ਅਤੇ ਚੇਅਰਮੈਨ ਸ੍ਰ ਸਰਬਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ। ਕਲਾਸ ਪੰਜਵੀਂ ਵਿੱਚ ਹਰਸੀਰਤ ਕੌਰ ਪੁੱਤਰੀ ਗੁਰਲਾਲ ਸਿੰਘ 98.4% ,ਸਮਰੀਤ ਕੌਰ ਪੁੱਤਰੀ ਪ੍ਰਭਜੀਤ ਸਿੰਘ 97% ,ਨਿਸ਼ਾ ਸ਼ਰਮਾ ਪੁੱਤਰ ਸਰਬਜੀਤ ਸ਼ਰਮਾ 96.8% , ਗੁਰਫਤਿਹ ਸਿੰਘ ਪੁੱਤਰ ਯਾਦਵਿੰਦਰ ਸਿੰਘ 96.8% , ਹੁਸਨਪ੍ਰੀਤ ਕੌਰ ਪੁੱਤਰੀ ਹਰਜੀਤ ਸਿੰਘ 96.2% , ਰਾਜਵੀਰ ਕੌਰ ਪੁੱਤਰੀ ਗੁਰਵਿੰਦਰ ਸਿੰਘ 96% , ਮਹਿਕਪ੍ਰੀਤ ਕੌਰ ਪੁੱਤਰੀ ਗੁਰਭੇਜ ਸਿੰਘ 95.8% , ਨੀਰਜ ਕੁਮਾਰ ਪੁੱਤਰ ਸੰਜੀਵ ਕੁਮਾਰ 95.8% , ਯੁਵਰਾਜ ਸਿੰਘ ਪੁੱਤਰ ਨਿਸ਼ਾਨ ਸਿੰਘ 95.6% , ਜਸ਼ਨਦੀਪ ਕੌਰ ਪੁੱਤਰੀ ਸੁਖਵਿੰਦਰ ਸਿੰਘ 95.4% , ਹਰਸ਼ਿਹਨਾਜ਼ ਕੌਰ ਪੁੱਤਰੀ ਕੁਲਵਿੰਦਰ ਸਿੰਘ 95.4% , ਅਰਸ਼ਦੀਪ ਸਿੰਘ ਪੁੱਤਰ ਪਰਮਜੀਤ ਸਿੰਘ 94.6% , ਵਰਿੰਦਰ ਸਿੰਘ ਪੁੱਤਰ ਹਰਜੀਤ ਸਿੰਘ 94.6% , ਮਿਲਕਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ 94.2% , ਸ਼ਮਸ਼ੇਰ ਸਿੰਘ ਪੁੱਤਰ ਰਣਜੀਤ ਸਿੰਘ 93.8% , ਤਨਵੀਰ ਸਿੰਘ ਪੁੱਤਰ ਗੁਰਬਾਜ ਸਿੰਘ 91.8% , ਸਿਮਰਨਜੀਤ ਕੌਰ ਪੁੱਤਰੀ ਸਤਿੰਦਰਬੀਰ ਸਿੰਘ 91.6% , ਗੁਰਤਾਜ ਸਿੰਘ ਪੁੱਤਰ ਦਿਲਬਾਗ ਸਿੰਘ 90.2% ਅੰਕ ਪ੍ਰਾਪਤ ਕੀਤੇ। ਅਤੇ ਕਲਾਸ ਅੱਠਵੀਂ ਵਿੱਚ ਸੁਖਮਨਪ੍ਰੀਤ ਕੌਰ ਪੁੱਤਰੀ ਅੰਗਰੇਜ਼ ਸਿੰਘ 96% , ਗੀਬਿਕਾ ਪੁੱਤਰੀ ਨਿਰਵੈਲ ਸਿੰਘ 95% , ਅਨਮੋਲਪ੍ਰੀਤ ਕੌਰ ਪੁੱਤਰੀ ਡਿਪਟੀ ਸਿੰਘ 94% , ਮੁਸਕਾਨਪ੍ਰੀਤ ਕੌਰ ਪੁੱਤਰੀ ਪਰਮਜੀਤ ਸਿੰਘ 93% , ਮਨਜੋਤ ਕੌਰ ਪੁੱਤਰੀ ਗੁਰਵਿੰਦਰ ਸਿੰਘ 93% , ਕਾਜਲਪ੍ਰੀਤ ਕੌਰ ਪੁੱਤਰੀ ਨਿਸ਼ਾਨ ਸਿੰਘ 93% , ਜੈਸਮੀਨ ਕੌਰ ਪੁੱਤਰੀ ਯਾਦਵਿੰਦਰ ਸਿੰਘ 93% , ਜਸ਼ਨਦੀਪ ਕੌਰ ਪੁੱਤਰੀ ਗੁਰਪ੍ਰੀਤ ਸਿੰਘ 93% , ਮਹਿਕ ਕੌਰ ਪੁੱਤਰੀ ਸਾਹਿਬ ਸਿੰਘ 93% , ਗੁਰਸਿਮਰਤ ਕੌਰ ਪੁੱਤਰੀ ਗੁਲਵਿੰਦਰ ਸਿੰਘ 90% ਅੰਕ ਪ੍ਰਾਪਤ ਕੀਤੇ ਅਤੇ ਨਤੀਜਾ 100% ਰਿਹਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰ ਹਰਜੀਤ ਸਿੰਘ ਜੀ, ਚੇਅਰਮੈਨ ਸ੍ਰ ਸਰਬਜੀਤ ਸਿੰਘ ਜੀ ਅਤੇ ਸਾਰੇ ਅਧਿਆਪਕ ਸਾਹਿਬਾਨ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV


ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ




ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

**Important Note:** The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜ਼ਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV





# ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ 10 ਜਨਵਰੀ 2025 ਨੂੰ ਦਿੱਤੇ ਮੇਰੇ ਅਸਤੀਫੇ ਦੀ ਕਾਪੀ ਜੋ ਅੱਜ ਮੈ ਮੀਡੀਆ ਵਿੱਚ ਜਨਤਕ ਕੀਤੀ

**ਪਰਮਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਜੀਓ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ।** ਸਿੰਘ ਸਾਹਿਬ ਜੀ ਆਪ ਜੀ ਸਮੇਤ ਪੰਜ ਸਿੰਘ ਸਾਹਿਬਾਨ ਵੱਲੋ ਸ੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ 2 ਦਸਬੰਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋ ਦਿੱਤੇ ਦਿਸਾ ਨਿਰਦੇਸ਼ ਮੁਤਾਬਿਕ ਜਿਥੇ ਤੁਸਾ ਅਕਾਲੀ ਲੀਡਰਸ਼ਿਪ ਨੂੰ



ਧਾਰਮਿਕ ਸਜਾ ਲਗਾਈ ਉਥੇ ਹੀ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਸਮੇਤ ਜਿੰਨਾ ਅਕਾਲੀ ਆਗੂਆਂ ਨੇ ਆਪਣੇ ਅਸਤੀਫੇ ਦਿੱਤੇ ਸਨ ਨੂੰ ਵਰਕਿੰਗ ਕਮੇਟੀ ਵਿੱਚ ਪ੍ਰਵਾਨ ਕਰਕੇ ਤਿੰਨ ਦਿਨਾਂ ਦੇ ਅੰਦਰ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੂਚਿਤ ਕਰਨ ਦੀ ਤੁਸਾ ਹਿਦਾਇਤ ਕੀਤੀ ਸੀ ਇਸ ਦੇ ਨਾਲ ਹੀ ਆਪ ਜੀ ਨੇ ਸ੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਲਈ 7 ਮੈਬਰੀ ਕਮੇਟੀ ਗਠਿਤ ਕੀਤੀ ਜਿਸ ਨੂੰ ਤੁਸਾ ਹਿਦਾਇਤ ਕੀਤੀ ਸੀ ਕਿ ਇਹ ਕਮੇਟੀ 6 ਮਹੀਨਿਆ ਦੇ ਅੰਦਰ ਅੰਦਰ ਮੈਂਬਰਸ਼ਿਪ ਭਰਤੀ ਕਰਾਕੇ ਨਵੇ ਪ੍ਰਧਾਨ ਅਤੇ ਅਹੁਦੇਦਾਰਾਂ ਦੀ ਚੋਣ ਕਰਵਾਉਣ ਲਈ ਡੈਲੀਗੇਟ ਇਜਲਾਸ ਬਲਾਉਣ ਲਈ ਕਿਹਾ ਸੀ । ਪਰ ਅੱਜ 39 ਦਿਨ ਬੀਤ ਜਾਣ ਦੇ ਬਾਅਦ ਤੁਹਾਡੀਆ 6 ਜਨਵਰੀ ਨੂੰ ਮੀਡੀਆ ਵਿੱਚ ਕੀਤੀਆ ਸਖਤ ਟਿੱਪਣੀਆਂ ਤੋ ਬਾਅਦ ਅੱਜ 10 ਜਨਵਰੀ ਨੂੰ ਬੁਲਾਈ ਜੋ ਵਰਕਿੰਗ ਕਮੇਟੀ ਦੀ ਮੀਟਿੰਗ ਬਲਾਉਣ ਦਾ ਦਾਅਵਾ ਕੀਤਾ ਗਿਆ ਉਹ ਵੀ ਆਪਣੇ ਆਪ ਵਿੱਚ ਥੋਖਾ ਸੀ ਇਹ ਵਰਕਿੰਗ ਕਮੇਟੀ ਦੀ ਮੀਟਿੰਗ ਨਾ ਹੋਕੇ ਮਿਲਗੌਭਾ ਮੀਟਿੰਗ ਸੀ ਜਿਸ ਵਿੱਚ ਜਿਲਾ ਪ੍ਰਧਾਨ ਤੇ ਅਣਅਧਿਕਾਰਤ ਬੰਦੇ ਵੀ ਮੀਟਿੰਗ ਵਿੱਚ ਹਾਜਰ ਸਨ ਜੋ ਵਰਕਿੰਗ ਕਮੇਟੀ ਮੈਬਰ ਨਹੀ ਸਨ । ਮੈ ਵਰਕਿੰਗ ਕਮੇਟੀ ਦਾ ਸਪੈਸ਼ਲ ਇਨਵਾਇਟੀ ਮੈਬਰ ਹਾ ਮੈਨੂੰ ਤੇ ਕੁੱਝ ਹੋਰ ਆਗੂਆਂ ਨੂੰ ਮੀਟਿੰਗ ਵਿੱਚ ਇਸ ਕਰਕੇ ਨਹੀ ਬੁਲਾਇਆ ਗਿਆ ਕਿਉਕਿ ਮੈ ਤਹਾਨੂੰ ਮਿਲਣ ਤੋ ਬਾਅਦ ਸ੍ਰ ਸੁਖਬੀਰ ਸਿੰਘ ਬਾਦਲ ਨੂੰ ਇਕੱਲਿਆ ਉਹਨਾਂ ਦੀ ਰਿਹਾਇਸ਼ ਤੇ ਮਿਲਕੇ ਬੜੀ ਨਿਮਰਤਾਪੂਰਵਕ ਬੇਨਤੀ ਕੀਤੀ ਸੀ ਕਿ ਉਹ ਡਾ ਦਲਜੀਤ ਸਿੰਘ ਚੀਮਾ ਦੀਆ ਗਲਤ ਸਲਾਹਾ ਤੋ ਬਚਣ । ਸਿੰਘ ਸਾਹਿਬ ਜੀ ਅੱਜ ਬੜੀ ਚਲਾਕੀ ਨਾਲ ਆਪ ਜੀ ਦੇ ਦਿਸ਼ਾ ਨਿਰਦੇਸ਼ਾ ਤੇ ਅਮਲ ਨਾ ਕਰਦਿਆ ਆਪ ਹੀ ਅਬਜਰਵਰ ਨਿਯੁਕਤ ਕਰਕੇ ਆਪ ਜੀ ਵੱਲੋ ਬਣਾਈ 7 ਮੈਬਰੀ ਭਰਤੀ ਕਮੇਟੀ ਨੂੰ ਮੂਲੋ ਰੱਦ ਕਰਕੇ ਹੁਕਮਨਾਮੇ ਦੀ ਘੋਰ ਉਲੰਘਣਾ ਹੀ ਨਹੀ ਕੀਤੀ ਬਲਕਿ ਅੱਜ ਲਏ ਫੈਸਲਿਆ ਨਾਲ ਡਾ ਦਲਜੀਤ ਸਿੰਘ ਚੀਮਾ ਨੇ ਤੁਹਾਡੀ ਇਹਨਾਂ ਫੈਸਲਿਆਂ ਨਾਲ ਸਹਿਮਤੀ ਸਾਬਿਤ ਕਰਨ ਦੀ ਹਰਸੰਭਵ ਕੋਸ਼ਿਸ਼ ਕੀਤੀ ਹੈ । ਪਾਰਟੀ ਦੇ ਦੋ ਸੀਨੀਅਰ ਆਗੂਆਂ ਜਿੰਨਾਂ ਵਿੱਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਝੂੰਦਾ ਕਮੇਟੀ ਦੇ ਚੇਅਰਮੈਨ ਸ੍ਰ ਇਕਬਾਲ ਸਿੰਘ ਝੂੰਦਾ ਨੇ ਡੱਟਕੇ ਸ੍ਰੀ ਅਕਾਲ ਤਖਤ ਸਾਹਿਬ ਤੋ ਦਿੱਤੇ ਨਿਰਦੇਸ਼ਾ ਨੂੰ ਮੰਨਣ ਦੀ ਲੀਡਰਸ਼ਿਪ ਨੂੰ ਜੋਰਦਾਰ ਵਕਾਲਤ ਕੀਤੀ ਪਰ ਉਹਨਾਂ ਦਾ ਵਿਰੋਧ ਦਰਜ ਨਹੀ ਕੀਤਾ ਗਿਆ 7 ਮੈਬਰੀ ਕਮੇਟੀ ਦੇ ਪੰਜ ਮੈਬਰਾਂ ਨੂੰ ਅਬਜਰਵਰਾਂ ਵਿੱਚ ਪਾਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੋ ਤੁਸਾ ਇਸ ਕਮੇਟੀ ਦੇ ਮੁੱਖੀ ਬਣਾਏ ਸੀ ਨੂੰ ਜੰਮੂ ਐਡ ਕਸਮੀਰ ਦਾ ਅਬਜਰਵਰ, ਸ੍ਰ ਮਨਪ੍ਰੀਤ ਸਿੰਘ ਇਆਲੀ ਨੂੰ ਰਾਜਸਥਾਨ ਦਾ ਅਬਜਰਵਰ , ਸ੍ਰ ਸੰਤਾ ਸਿੰਘ ਉਮੇਦਪੁਰੀ ਨੂੰ ਹਿਮਾਚਲ ਪ੍ਰਦੇਸ਼ ਦਾ ਅਬਜਰਵਰ, ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਬੇਟੀ ਬੀਬਾ ਸਤਵੰਤ ਕੌਰ ਅਤੇ ਟਕਸਾਲੀ ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਬਾਹਰ ਰੱਖਕੇ 7 ਮੈਬਰੀ ਭਰਤੀ ਕਮੇਟੀ ਦੀ ਤੌਹੀਨ ਕੀਤੀ ਹੈ । ਅਕਾਲੀ ਦਲ ਦੀ ਲੀਡਰਸ਼ਿਪ ਜਿਸ ਨੂੰ ਤੁਸਾ 2 ਦਸਬੰਰ ਨੂੰ ਨੈਤਿਕ ਤੌਰ ਤੇ ਅਗਵਾਈ ਕਰਨ ਦੇ ਨਾਕਾਬਿਲ ਦੱਸਿਆ ਸੀ ਹੁਣ ਕਨੂੰਨੀ ਦਾਅ ਪੇਚਾ ਵਿੱਚ ਪੈਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਨੂੰ ਮੰਨਣ ਤੋ ਪੂਰੀ ਤਰਾ ਮੁਨਕਰ ਹੋ ਚੁੱਕੀ ਹੈ । ਸਿੱਖ ਕੌਮ ਦੇ ਕਾਤਲ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਦੇ ਜੱਦੀ ਵਕੀਲ ਤੋ ਕਨੂੰਨੀ ਮਸਵਰੇ ਲੈਕੇ ਅਤਿ ਨਿੰਦਣਯੋਗ ਕਾਰਵਾਈ ਕੀਤੀ ਹੈ । ਅਜਿਹੇ ਹਾਲਾਤਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਲੀਡਰਸ਼ਿਪ ਵੱਲੋ ਕੀਤੀ ਗਈ ਘੋਰ ਉਲੰਘਣਾ ਕਰਕੇ ਸਿੱਖ ਕੌਮ ਅੰਦਰ ਬੇਹੱਦ ਗੁੱਸਾ ਪੈਦਾ ਹੋ ਸਕਦਾ ਹੈ । ਪਹਿਲਾ ਹੀ ਹਰ ਜਗਾ ਸਾਨੂੰ ਇਕੋ-ਇਕ ਸਵਾਲ ਕੀਤਾ ਜਾਦਾ ਹੈ ਕਿ ਤੁਸੀ ਧਾਰਮਿਕ ਅਤੇ ਰਾਜਨੀਤਿਕ ਸਜਾ ਪੂਰੀ ਕਰਨ ਤੋ ਕਿਉ ਆਨਾਕਾਨੀ ਕੀਤੀ ਕਿਉ ਨਹੀ ਹੁਕਮਨਾਮਾ ਪ੍ਰਵਾਨ ਕੀਤਾ ਤੁਹਾਡੀ ਲੀਡਰਸ਼ਿਪ ਨੇ ਨਾਬਖਸਣਯੋਗ ਕਾਰੇ ਕੀਤੇ ਹਨ । ਮੈ ਤੇ ਮੇਰੇ ਅਨੇਕਾ ਸਾਥੀ ਇਸ ਕਰਕੇ ਬੇਹੱਦ ਮਾਨਸਿਕ ਪੀੜਾ ਚੋ ਗੁੱਜਰ ਰਹੇ ਹਨ । ਮੇਰੀ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਲੀਹੋ ਲੱਥੀ ਲੀਡਰਸ਼ਿਪ ਨੂੰ ਸਪੱਸ਼ਟ ਹਿਦਾਇਤ ਕਰਕੇ ਇਹਨਾਂ ਨੂੰ ਤੁਰੰਤ ਦੁਬਾਰਾ ਸ੍ਰੀ ਅਕਾਲ ਤਖਤ ਸਾਹਿਬ ਵੱਲੋ ਪੰਜ ਅਬਜਰਵਰਾਂ ਦੀ ਨਿਗਰਾਨੀ ਵਿੱਚ ਵਰਕਿੰਗ ਕਮੇਟੀ ਦੀ ਮੀਟਿੰਗ ਬਲਾਉਣ ਦੀ ਤਾਕੀਦ ਕਰੋ ਜੀ ਅਤੇ ਸ੍ਰੋਮਣੀ ਅਕਾਲੀ ਦਲ ਦਾ ਸਮੁੱਚਾ ਜਥੇਬੰਦਕ ਢਾਂਚਾ ਭੰਗ ਕਰਨ ਤੇ ਸੱਤ ਮੈਬਰੀ ਭਰਤੀ ਕਮੇਟੀ ਨੂੰ ਬੁਲਾਕੇ ਮੈਂਬਰਸ਼ਿਪ ਭਰਤੀ ਕਰਨ ਦੀ ਸਖਤ ਹਿਦਾਇਤ ਕਰੋ ਡਾਕਟਰ ਦਲਜੀਤ ਸਿੰਘ ਚੀਮਾ ਜੋ ਇਸ ਸਾਰੇ ਘਟਨਾਕ੍ਰਮ ਦੇ ਖਲਨਾਇਕ ਬਣ ਚੁੱਕਿਆ ਹੈ ਇਸੇ ਨੇ ਹੀ ਡੇਰਾ ਸਿਰਸਾ ਵੱਲੋ ਭੇਜੀ ਚਿੱਠੀ ਵਿੱਚ ਆਪਣੇ ਕੋਲੋ ਮੁਆਫੀ ਸਬਦ ਪਾਕੇ ਉਸ ਵੇਲੇ ਦੇ ਜਥੇਦਾਰ ਸਾਹਿਬਾਨਾਂ ਨੂੰ ਗੁੰਮਰਾਹ ਕੀਤਾ ਸੀ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਜਾਵੇ ਉਸ ਤੋ ਸਪੱਸ਼ਟੀਕਰਨ ਮੰਗਿਆ ਜਾਵੇ ਕਿ ਉਹ ਸ੍ਰੋਮਣੀ ਅਕਾਲੀ ਦਲ ਕਿਥੇ ਹੈ ਜੋ 14 ਦਸਬੰਰ 1920 ਨੂੰ ਸਾਡੇ ਪੁਰਖਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਗਠਿਤ ਕੀਤਾ ਸੀ ਜਿਸ ਦੀ ਮੁੱਖ ਜਿੰਮੇਵਾਰੀ ਖਾਲਸਾ ਪੰਥ ਦੀ ਚੜਦੀ ਕਲਾ ਲਈ ਕਾਰਜ ਕਰਨਾ ਸੀ ਡਾ ਚੀਮਾ ਨੇ ਤੁਹਾਡੇ ਨਾਮ ਦੀ ਕਿਉ ਦੁਰਵਰਤੋ ਕਰਕੇ ਮਿਲਗੌਭਾ ਵਰਕਿੰਗ ਕਮੇਟੀ ਨੂੰ ਗੁੰਮਰਾਹ ਕੀਤਾ ਹੈ । ਇਸ ਦੇ ਨਾਲ ਹੀ ਮੈ ਭਰੇ ਮਨ ਨਾਲ ਆਪਣੀ ਜਾਨ ਤੋ ਪਿਆਰੀ ਜਥੇਬੰਦੀ ਸ੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਪਾਰਟੀ ਬੁਲਾਰੇ ਤੇ ਪੰਥਕ ਸਲਾਹਕਾਰ ਬੋਰਡ ਦੇ ਮੈਬਰ ਤੋ ਆਪਣਾ ਅਸਤੀਫਾ ਆਪ ਜੀ ਨੂੰ ਭੇਜ ਰਿਹਾ ਹਾ ਜੋ ਕਿ ਮੈ ਪਹਿਲਾ ਵੀ ਆਪ ਜੀ ਦੇ ਸਨਮੁੱਖ ਹਾਜਰ ਹੋਕੇ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੀ ਸੀ ਅਤੇ ਹੁਣ ਪਾਰਟੀ ਦੇ ਬੇਵੱਸ ਐਕਟਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਇਸ ਅਸਤੀਫੇ ਨੂੰ ਤੁਰੰਤ ਪ੍ਰਵਾਨ ਕਰਨ ਲਈ ਭੇਜ ਰਿਹਾ ਹਾ । ਮੇਰਾ ਅਸਤੀਫਾ ਪ੍ਰਵਾਨ ਕੀਤਾ ਜਾਵੇ ਜੀ ਮੈ ਆਸ ਕਰਦਾ ਹਾ ਕਿ ਆਪ ਜੀ ਕੌਮੀ ਭਾਵਨਾਵਾਂ ਦੀ ਤਰਜਮਾਨੀ ਕਰਦੇ ਹੋਏ ਪੰਜ ਸਿੰਘ ਸਾਹਿਬਾਨ ਵੱਲੋ 2 ਦਸਬੰਰ ਨੂੰ ਜਾਰੀ ਕੀਤੇ ਹੁਕਮਨਾਮੇ ਨੂੰ ਹਰ ਹਾਲ ਲਾਗੂ ਕਰਵਾਉਗੇ ।

**ਧੰਨਵਾਦ ਸਹਿਤ ਗੁਰੂ ਪੰਥ ਦਾ ਦਾਸ : ਕਰਨੈਲ ਸਿੰਘ ਪੀਰਮੁਹੰਮਦ ਜਰਨਲ ਸਕੱਤਰ ਸ੍ਰੋਮਣੀ ਅਕਾਲੀ ਦਲ ਅਤੇ ਸਾਬਕਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ**


ਸ਼੍ਰੋਮਣੀ ਅਕਾਲੀ ਦਲ
Shiromani Akali Dal
ਅਸਤੀਫਾ


ਸ਼੍ਰੋਮਣੀ ਅਕਾਲੀ ਦਲ
Shiromani Akali Dal

# ਅਪੀਲ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ-ਖੇਤਰ, ਜ਼ਿੰਮੇਵਾਰੀਆਂ ਤੇ ਸੇਵਾ-ਮੁਕਤੀ ਸੰਬੰਧੀ ਨਿਯਮਾਵਲੀ ਬਣਾਉਣ ਲਈ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਆਲਮੀ ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਦੀਵਾਨਾਂ, ਸਭਾ ਸੁਸਾਇਟੀਆਂ ਅਤੇ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਆਪਣੇ ਸੁਝਾਅ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ।



ਇਹ ਸੁਝਾਅ
ਮਿਤੀ 20 ਅਪ੍ਰੈਲ 2025 ਤੱਕ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਨੂੰ ਦਸਤੀ ਰੂਪ ਵਿੱਚ ਜਾਂ
ਅਧਿਕਾਰਤ ਈਮੇਲ
**info@sgpc.net** ਅਤੇ
ਵੱਟਸਐਪ ਨੰਬਰ **77101-36200**
'ਤੇ ਭੇਜੇ ਜਾਣ।

ਆਵਾਜ਼ਿ ਕੌਮ AWAZE QAUM International Newspaper & WEB TV

**ਵੱਲੋਂ: ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਭਾਈ ਮਹਿਲ ਸਿੰਘ ਬੱਬਰ ਦੀ ਯਾਦ ਵਿੱਚ

# ਯੂਕੇ ਸਮੈਦਿਕ ਗੁਰਦੁਆਰਾ ਸਾਹਿਬ ਵਿਖੇ ਹੋਇਆ ਵਿਸ਼ੇਸ਼ ਸਮਾਗਮ



ਨਵੀਂ ਦਿੱਲੀ 7 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਬਰਤਾਨੀਆ ਵਿੱਚ ਆਜ਼ਾਦ ਸਿੱਖ ਰਾਜ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਅਤੇ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਵਲੋਂ ਪਿਛਲੇ ਦਿਨੀਂ ਪਾਕਿਸਤਾਨ ਵਿੱਚ ਅਕਾਲ ਚਲਾਣਾ ਕਰ ਗਏ ਭਾਈ ਮਹਿਲ ਸਿੰਘ ਬੱਬਰ ਦੀ ਯਾਦ ਵਿੱਚ ਵਿਸ਼ੇਸ਼ ਸ਼ਰਧਾਂਜ਼ਲੀ ਸਮਾਗਮ ਕਰਵਾਇਆ ਗਿਆ।ਸਮਾਗਮ ਦੌਰਾਨ ਪਾਕਿਸਤਾਨ ਵਿੱਚ ਅਕਾਲ ਚਲਾਣਾ ਕਰ ਗਏ ਭਾਈ ਮਹਿਲ ਸਿੰਘ ਬੱਬਰ ਜਨਰਲ ਸਕੱਤਰ ਬੱਬਰ ਖਾਲਸਾ ਇੰਟਰਨੈਸ਼ਨਲ, ਭਾਈ ਬਲਵੀਰ ਸਿੰਘ ਸੰਧੂ ਅਕਾਲ ਫੈਡਰੇਸ਼ਨ, ਭਾਈ ਲਖਬੀਰ ਸਿੰਘ ਰੋਡੇ ਮੁਖੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਬੀਬੀ ਚਰਨਜੀਤ ਕੌਰ ਜੰਮੂ ਸਿੰਘਣੀ ਭਾਈ ਰਣਜੀਤ ਸਿੰਘ ਨੀਟਾ ਜੰਮੂ ਅਤੇ ਭਾਈ ਗਜਿੰਦਰ ਸਿੰਘ ਦਲ ਖਾਲਸਾ ਨੂੰ ਖਾਲਿਸਤਾਨੀ ਜਲਾਵਤਨੀ ਯੋਧਿਆਂ ਦਾ ਖਿਤਾਬ ਦਿੱਤਾ ਗਿਆ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਪੇਸ਼ ਕੀਤੇ ਗਏ ਇਸ ਪ੍ਰਸਤਾਵ ਨੂੰ ਸਿੱਖ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਕੀਤਾ ।ਸਮਾਗਮ ਨੂੰ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਕੁਲਦੀਪ ਸਿੰਘ ਦਿਉਲ, ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨ ਯੂਕੇ ਦੇ ਕੋਆਰਡੀਨੇਟਰ ਭਾਈ ਜੋਗਾ ਸਿੰਘ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਕੁਲਦੀਪ ਸਿੰਘ ਚਹੇੜੂ, ਸ਼੍ਰੋਮਣੀ ਅਕਾਲੀ ਦਲ ਯੂਕੇ ਦੇ ਪ੍ਰਧਾਨ ਭਾਈ ਗੁਰਦੇਵ ਸਿੰਘ ਚੋਹਾਨ, ਸਿੱਖ ਫੈਡਰੇਸ਼ਨ ਯੂਕੇ ਦੇ ਆਗੂ ਭਾਈ ਜਤਿੰਦਰ ਸਿੰਘ ਬਾਸੀ, ਭਾਈ ਸੁਖਵਿੰਦਰ ਸਿੰਘ ਪੱਡਾ, ਖਾਲਿਸਤਾਨ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਦੇ ਆਗੂ ਭਾਈ ਰਜਿੰਦਰ ਸਿੰਘ ਚਿੱਟੀ, ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਦਾ ਸਾਬਕਾ ਪ੍ਰਧਾਨ ਭਾਈ ਰਾਜਮਨਵਿੰਦਰ ਸਿੰਘ ਕੰਗ (ਰਾਜਾ ਕੰਗ), ਧਰਮਯੁੱਧ ਜਥਾ ਦਮਦਮੀ ਟਕਸਾਲ (ਯੂਕੇ) ਦੇ ਆਗੂ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਸਿੱਖਸ ਫਾਰ ਜਸਟਿਸ ਦੇ ਆਗੂ ਭਾਈ ਦੁਪਿੰਦਰਜੀਤ ਸਿੰਘ, ਬੱਬਰ ਅਕਾਲੀ ਆਰਗੇਨਾਈਜਸ਼ਨ ਦੇ ਭਾਈ ਹਰਵਿੰਦਰ ਸਿੰਘ, ਗੁਰੂ ਨਾਨਕ ਗੁਰਦਵਾਰਾ ਵੈਸਟ ਬਰਾਮਿਚ ਦੀ ਪ੍ਰਬੰਧਕ ਕਮੇਟੀ ਦੇ ਭਾਈ ਕੁਲਦੀਪ ਸਿੰਘ ਨਿਹੰਗ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਭਾਈ ਮਹਿਲ ਸਿੰਘ ਬੱਬਰ ਦੀ ਕੁਰਬਾਨੀ ਅਤੇ ਦ੍ਰਿੜਤਾ ਨੂੰ ਸਿੱਜਦਾ ਕੀਤਾ ।ਸਮਾਗਮ ਦੌਰਾਨ ਭਾਈ ਮਹਿਲ ਸਿੰਘ ਬੱਬਰ ਦੇ ਪਰਿਵਾਰ ਵਾਸਤੇ ਭਾਈ ਜੋਗਾ ਸਿੰਘ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ। ਭਾਈ ਮਹਿਲ ਸਿੰਘ ਬੱਬਰ ਦੇ ਅੰਤਮ ਸਸਕਾਰ ਮੌਕੇ ਪਹਿਨੇ ਹੋਏ ਕੜੇ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ ਤਦ ਸਮਾਗਮ ਵਿੱਚ ਭਾਵੁਕਤਾ ਛਾਅ ਗਈ ਸੀ ।ਜ਼ਿਕਰਯੋਗ ਹੈ ਕਿ ਭਾਈ ਮਹਿਲ ਸਿੰਘ ਬੱਬਰ ਜੋ ਕਿ ਸ਼ਹੀਦ ਜਥੇਦਾਰ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾਤਾ ਸੀ ਅਤੇ ਲੰਬੇ ਅਰਸੇ ਤੋਂ ਭਾਰਤ ਦੇ ਗਵਾਂਢੀ ਮੁਲਕ ਪਾਕਿਸਤਾਨ ਵਿੱਚ ਜਲਾਵਤਨੀ ਦੀ ਜਿੰਦਗੀ ਬਤੀਤ ਕਰਦੇ ਹੋਏ ਖਾਲਿਸਤਾਨ ਦੇ ਚੱਲ ਰਹੇ ਸੰਘਰਸ਼ ਵਾਸਤੇ ਯਤਨਸ਼ੀਲ ਸਨ। ਭਾਈ ਮਹਿਲ ਸਿੰਘ ਬੱਬਰ ਨੇ ਏਅਰ ਫੋਰਸ ਵਿੱਚ ਆਪਣੀ ਇੰਜੀਨੀਅਰਿੰਗ ਦੀ ਨੌਕਰੀ ਤਿਆਗ ਕੇ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਵਾਸਤੇ ਚੱਲ ਰਹੇ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ ਅਤੇ ਆਖਰੀ ਦਮ ਤੱਕ ਆਪਣੇ ਨਿਸ਼ਾਨੇ ਪ੍ਰਤੀ ਦ੍ਰਿੜ ਰਹੇ ਭਾਰਤ ਸਰਕਾਰ ਮੂਹਰੇ ਗੋਡੇ ਨਹੀਂ ਟੇਕੇ ।ਭਾਰਤ ਸਰਕਾਰ ਵਲੋਂ ਅਤਿ ਲੋੜੀਂਦੇ ਸਿੱਖ ਖਾੜਕੂਆ ਦੀ ਸੂਚੀ ਵਿੱਚ ਸ਼ਾਮਲ ਭਾਈ ਮਹਿਲ ਸਿੰਘ ਨੇ ਪਾਕਿਸਤਾਨ ਵਿੱਚ ਰਹਿ ਕੇ ਜਿੱਥੇ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਸੇਵਾਵਾਂ ਨਿਭਾਈਆਂ ਉੱਥੇ ਖਾਲਿਸਤਾਨ ਦੇ ਸੰਘਰਸ਼ ਨੂੰ ਪਾਕਿਸਤਾਨ ਦੇ ਰੇਡੀਓ ਤੇ " ਪੰਜਾਬੀ ਦਰਬਾਰ " ਨਾਮਕ ਪ੍ਰੋਗਰਾਮ ਨਾਲ ਸਿੱਖ ਕੌਮ ਨੂੰ ਜਾਗਰੂਕ ਕੀਤਾ। ਇਹ ਪ੍ਰੋਗਰਾਮ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਅਤੇ ਭਾਈ ਮਹਿਲ ਸਿੰਘ ਬੱਬਰ ਦੀ ਵਿਸ਼ੇਸ਼ ਭੂਮਿਕਾ ਨਾਲ ਕਈ ਸਾਲ ਚੱਲਦਾ ਰਿਹਾ ਸੀ ।ਜਿਸ ਪ੍ਰੋਗਰਾਮ ਨੂੰ ਭਾਰਤ ਸਰਕਾਰ ਦੇ ਕਰਿੰਦਿਆਂ ਨੇ ਤੋਪ ਦੇ ਗੋਲੇ ਨਾਲੋਂ ਵੀ ਖਤਰਨਾਕ ਆਖਿਆ ਸੀ ।

**ਯੂਕੇ ਦੀਆਂ ਸਿੱਖ ਜਥੇਬੰਦੀਆਂ ਵਲੋਂ ਪਾਕਿਸਤਾਨ ਵਿੱਚ ਅਕਾਲ ਚਲਾਣਾ ਕਰ ਗਏ ਜੁਝਾਰੂ "ਜਲਾਵਤਨੀ ਯੋਧੇ" ਕਰਾਰ**

ਸਰਕਾਰੀ ਹਾਈ ਸਮਾਰਟ ਸਕੂਲ ਪਲਾਸੌਰ ਵੱਲੋਂ

# ਸਮਾਗਮ ਕਰਵਾਇਆ ਗਿਆ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਿੱਖਿਆ ਕਰਾਂਤੀ ਨਾਲ ਬਦਲਦਾ ਪੰਜਾਬ ਪ੍ਰੋਗਰਾਮ ਦੇ ਤਹਿਤ ਸਰਕਾਰੀ ਹਾਈ ਸਮਾਰਟ ਸਕੂਲ ਪਲਾਸੌਰ ਵਿਖੇ ਇਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਚੇਅਰਮੈਨ ਦਲਵੀਰ ਸਿੰਘ ਢਿੱਲੋ,ਚੇਅਰਮੈਨ,ਆਪ ਆਗੂ ਸਤਿੰਦਰ ਸਿੰਘ ਚੱਠਾ, ਦਰਸਨ ਸਿੰਘ ਸਕੂਲ ਕੋਆਰਡੀਨੇਟਰ, ਐਡਵੋਕੇਟ ਹੈਪੀ ਗੋਇਲ, ,ਬਲਾਕ ਪ੍ਰਧਾਨ ਮਿਲਖ ਰਾਜ, ਗੁਰਪ੍ਰੀਤ ਸਿੰਘ ਰਣੀਕੇ,ਬਲਾਕ ਪ੍ਰਧਾਨ ਸੁਖਪਾਲ ਪਾਲਾ,ਬਲਾਕ ਸੰਮਤੀ ਮੈਂਬਰ ਰਛਪਾਲ ਸਿੰਘ ਭੁੱਲਰਹੇੜੀ,ਸੰਦੀਪ ਰਣੀਕੇ, ਬਲਾਕ ਪ੍ਰਧਾਨ ਗੁਰਚਰਨ ਸਿੰਘ ਵਿਸ਼ੇਸ ਤੌਰ 'ਤੇ ਸਾਮਿਲ ਹੋਏ। ਇਸ ਮੌਕੇ ਸਕੂਲ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਨੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਵੱਲੋਂ ਚੰਗੇ ਨੰਬਰ ਲੈ ਕੇ ਪਾਸ ਹੋਣਾ ਸਕੂਲਾਂ ਵਿੱਚ ਚੰਗੇ ਅਧਿਆਪਕਾਂ ਦੀ ਨਿਸ਼ਨੀ ਹੈ।ਇਸ ਮੌਕੇ ਸਰਪੰਚ ਗੁਰਚਰਨ ਸਿੰਘ ਪਲਾਸੌਰ,ਹਰਪਾਲ ਸਿੰਘ ਸਕੂਲ ਚੇਅਰਮੈਨ, ਬਖਸੀਸ ਸਿੰਘ ਅਲਾਲ, ਹੈਡ ਟੀਚਰ ਨਵ ਕਿਰਨ ਸ਼ਰਮਾ,ਅਰਸ ਧੂਰੀ, ਸਤਿਨਾਮ ਸਿੰਘ, ਗੁਰਮੇਲ ਸਿੰਘ ਮੇਲਾ ਹਾਜ਼ਰ ਸਨ।

# ਵਧੀਆ ਲੇਖਣੀ ਲਈ ਚੰਗਾ ਸਾਹਿਤ ਪੜ੍ਹਨਾ ਜ਼ਰੂਰੀ - ਮੂਲ ਚੰਦ ਸ਼ਰਮਾ



**ਧੂਰੀ ( ਰਣਜੀਤ ਸਿੰਘ ਪੇਧਨੀ)**-ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਸਾਹਿਤਕ ਇਕੱਤਰਤਾ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਸਭਾ ਦੇ ਆਪਣੇ ਦਫ਼ਤਰ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤਕ ਭਵਨ ਵਿਖੇ ਹੋਈ । ਸਭ ਤੋਂ ਪਹਿਲਾਂ ਉਨ੍ਹਾਂ ਨੇ ਹਾਜ਼ਰੀਨ ਦਾ ਸੁਆਗਤ ਕਰਨ ਉਪਰੰਤ ਕਿਹਾ ਕਿ ਮਿਆਰੀ ਸਾਹਿਤ ਦੀ ਸਿਰਜਣਾ ਕਰਨ ਲਈ ਚੰਗਾ ਸਾਹਿਤ ਪੜ੍ਹਨਾ ਬੇਹੱਦ ਜ਼ਰੂਰੀ ਹੈ , ਪਾਠਕਾਂ ਦੇ ਨਾਲ਼ ਨਾਲ਼ ਲੇਖਕਾਂ ਵਿੱਚ ਵੀ ਇਹ ਰੁਝਾਨ ਦਿਨੋਂ ਦਿਨ ਘਟਦਾ ਜਾ ਰਿਹਾ ਹੈ ।ਕਲਮਕਾਰਾਂ ਦੇ ਘਰਾਂ ਵਿੱਚ ਨਿਰਪੱਖ ਸੋਚ ਵਾਲ਼ੇ ਅਖ਼ਬਾਰ , ਰਿਸਾਲੇ ਅਤੇ ਸਾਹਿਤਕ ਪੁਸਤਕਾਂ ਦੀ ਨਿੱਜੀ ਲਾਇਬ੍ਰੇਰੀ ਲਾਜ਼ਮੀ ਹੋਣੀ ਚਾਹੀਦੀ ਹੈ । ਹਰ ਵਾਰੀ ਦੀ ਤਰ੍ਹਾਂ ਬੀਤੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਜਾਣ ਵਾਲ਼ੇ ਸਾਹਿਤਕਾਰਾਂ , ਕਲਾਕਾਰਾਂ ਅਤੇ ਹੋਰ ਮੁੱਖ ਹਸਤੀਆਂ ਨੂੰ ਸ਼ਰਧਾਂਜਲੀ ਵੀ ਭੇਂਟ ਕੀਤੀ ਗਈ ਜਿਸ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ( ਰਜਿ: ) ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ , ਕਹਾਣੀਕਾਰ ਤੇ ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘ ਅਤੇ ਗਾਇਕ ਹੰਸ ਰਾਜ ਹੰਸ ਦੀ ਜੀਵਨ ਸਾਥਣ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ । ਦੂਸਰੇ ਦੌਰ ਵਿੱਚ ਅਪ੍ਰੈਲ ਮਹੀਨੇ ਵਿੱਚ ਜਨਮ ਮਿਤੀ ਵਾਲ਼ੇ ਮੈਂਬਰਾਂ ਵਜੋਂ ਗੁਰਜੰਟ ਸਿੰਘ ਮੀਮਸਾ , ਕਰਨਜੀਤ ਸਿੰਘ ਸੋਹੀ , ਮਨਪ੍ਰੀਤ ਕੌਰ ਢੀਂਡਸਾ ( ਚੌਂਦਾ ) ਅਤੇ ਜਗਦੀਸ਼ ਸਿੰਘ ਖੀਪਲ਼ ਦਾ ਜਨਮ ਦਿਨ ਮਨਾ ਕੇ ਮੁਬਾਰਕਬਾਦ ਦੇਣ ਅਤੇ ਤੰਦਰੁਸਤੀ ਭਰੀ ਲੰਮੀ ਉਮਰ ਦੀ ਕਾਮਨਾ ਕਰਨ ਉਪਰੰਤ ਨਵੇਂ ਬਣੇਂ ਮੈਂਬਰਾਂ ਕਰਮ ਸਿੰਘ ਲੁਬਾਣਾ , ਗੁਰਜੰਟ ਸਿੰਘ ਸਹੋਤਾ ਅਤੇ ਗੁਰਤੇਜ ਸਿੰਘ ਧੂਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਪ੍ਰਿੰਸੀਪਲ ਡਾ. ਕਮਲਜੀਤ ਸਿੰਘ ਟਿੱਬਾ , ਅਮਰ ਗਰਗ ਕਲਮਦਾਨ , ਡਾ. ਧਰਮ ਚੰਦ ਵਾਤਿਸ਼ ਅਤੇ ਧਾਰਮਿਕ ਸੈਲਾਨੀ ਗੁਰਤੇਜ ਸਿੰਘ ਧੂਰਾ ਨੇ ਸ਼ਹੀਦ ਭਗਤ ਸਿੰਘ ਦੀ ਸੋਚ , ਰਾਮ ਨੌਮੀ , ਵਿਸਾਖੀ , ਖਾਲਸਾ ਸਾਜਨਾ ਦਿਵਸ ਬਾਰੇ ਵਿਸਥਾਰ ਸਹਿਤ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਜੋਕੇ ਲੇਖਕਾਂ ਨੂੰ ਵੀ ਆਪਣੇ ਇਤਿਹਾਸ ਤੋਂ ਸੇਧ ਪ੍ਰਾਪਤ ਕਰ ਕੇ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ । ਅੰਤ ਵਿੱਚ ਗੁਰਮੀਤ ਸਿੰਘ ਸੋਹੀ ਦੇ ਮੰਚ ਸੰਚਾਲਨ ਅਧੀਨ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਸਰਵ ਸ਼੍ਰੀ ਅਸ਼ੋਕ ਭੰਡਾਰੀ , ਮੈਨੇਜਰ ਜਗਦੇਵ ਸ਼ਰਮਾ , ਸੁਖਵਿੰਦਰ ਲੋਟੇ , ਰਾਮ ਸ਼ਰਮਾ ਲੁਬਾਣਾ , ਅਜਾਇਬ ਸਿੰਘ ਕੋਮਲ , ਅਕਾਸ਼ ਪ੍ਰੀਤ ਬਾਜਵਾ , ਮਨਪ੍ਰੀਤ ਕੌਰ ਢੀਂਡਸਾ , ਮਨਜੀਤ ਕੌਰ ਨੰਗਲ , ਪ੍ਰਿੰਸੀਪਲ ਸੁਖਜੀਤ ਕੌਰ ਸੋਹੀ , ਬਲਵੰਤ ਕੌਰ ਘਨੌਰੀ , ਗੁਰਦਿਆਲ ਨਿਰਮਾਣ ਧੂਰੀ , ਬਲਜੀਤ ਸਿੰਘ ਬਾਂਸਲ , ਬਹਾਦਰ ਸਿੰਘ ਧੌਲਾ. , ਕੁਲਵਿੰਦਰ ਬੰਟੀ , ਸਰਬਜੀਤ ਸੰਗਰੂਰਵੀ, ਮੁਲਖ਼ ਰਾਜ ਲਹਿਰੀ , ਪਵਨ ਕੁਮਾਰ ਹੋਸ਼ੀ , ਬੱਲੀ ਬਲਜਿੰਦਰ , ਕੁਲਜੀਤ ਧਵਨ , ਰਣਜੀਤ ਆਜ਼ਾਦ ਕਾਂਝਲਾ, ਸੰਜੇ ਲਹਿਰੀ , ਪੇਂਟਰ ਸੁਖਦੇਵ ਸਿੰਘ , ਗੁਰਜੰਟ ਮੀਮਸਾ ਅਤੇ ਸ਼ੈਲੇਂਦਰ ਕੁਮਾਰ ਗਰਗ ਨੇ ਆਪੋ ਆਪਣੀਆਂ ਸੱਜਰੀਆਂ ਅਤੇ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆਂ।

## ਬਿਜਲੀ ਮੁਆਫੀ ਦੇ ਕੇ ਵੀ ਬਿਜਲੀ ਵਿਭਾਗ 311 ਕਰੋੜ ਰੁਪਏ ਦੇ ਫਾਇਦੇ ਵਿਚ : ਈ. ਟੀ. ਓ.

### ਈ ਟੀ ਓ ਸਕੂਲਾਂ ਅਤੇ ਹਸਪਤਾਲਾਂ ਲਈ ਪੈਸੇ ਦੀ ਕੋਈ ਕਮੀ ਨਹੀਂ



**ਜੰਡਿਆਲਾ ਗੁਰੂ, 6 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)**-ਕੈਬਨਿਟ ਮੰਤਰੀ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਸ ਹਰਭਜਨ ਸਿੰਘ ਈਟੀਓ ਨੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਵਡਾਲਾ ਜੌਹਲ ਦੇ ਸਮਾਗਮ ਵਿੱਚ ਬੱਚਿਆਂ ਅਤੇ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਆਪਣੇ ਜੀਵਨ ਅਤੇ ਨਿਸ਼ਾਨੇ ਦੀ ਪ੍ਰਾਪਤੀ ਲਈ ਕੀਤੇ ਸੰਘਰਸ਼ ਦੀ ਦਾਸਤਾਨ ਸੁਣਾਉਂਦਿਆਂ ਕਿਹਾ ਕਿ ਜੇਕਰ ਆਦਮੀ ਕੁਝ ਕਰਨਾ ਠਾਣ ਲਵੇ ਤਾਂ ਉਸ ਨੂੰ ਦੁਨੀਆਂ ਦੀ ਕੋਈ ਤਾਕਤ ਰੋਕ ਨਹੀਂ ਸਕਦੀ। ਉਹਨਾਂ ਕਿਹਾ ਕਿ ਤੁਹਾਡੇ ਪਿਆਰ ਅਤੇ ਅਸ਼ੀਰਵਾਦ ਨਾਲ ਮੈਨੂੰ ਸ ਭਗਵੰਤ ਸਿੰਘ ਮਾਨ ਨੇ ਮਹੱਤਵਪੂਰਨ ਮਹਿਕਮਿਆਂ ਦੀ ਜਿੰਮੇਵਾਰੀ ਸੌਂਪੀ ਅਤੇ ਮੈਂ ਉਹਨਾਂ ਲਈ ਦਿਨ ਰਾਤ ਕੰਮ ਕਰਦੇ ਹੋਏ ਅੱਜ ਇਸ ਪੱਧਰ ਉੱਤੇ ਬਿਜਲੀ ਵਿਭਾਗ ਨੂੰ ਲਿਆਂਦਾ ਹੈ ਕਿ ਲੋਕਾਂ ਨੂੰ 600 ਯੂਨਿਟ ਬਿਜਲੀ ਮੁਆਫੀ ਦੇਣ ਦੇ ਬਾਵਜੂਦ ਵੀ ਵਿਭਾਗ 311 ਕਰੋੜ ਰੁਪਏ ਦੇ ਮੁਨਾਫੇ ਵਿੱਚ ਹੈ। ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਘਰ ਘਰ ਦਿੱਤੀਆਂ ਜਾ ਰਹੀਆਂ ਸਰਕਾਰੀ ਨੌਕਰੀਆਂ ਦਾ ਜ਼ਿਕਰ ਕਰਦੇ ਉਹਨਾਂ ਦੱਸਿਆ ਕਿ ਹੁਣ ਤੱਕ 53206 ਵਾਸੀਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ, ਜਿਨਾਂ ਵਿੱਚੋਂ ਅੱਠ ਬੱਚੇ ਇਸ ਪਿੰਡ ਦੇ ਵੀ ਸ਼ਾਮਿਲ ਹਨ। ਉਹਨਾਂ ਕਿਹਾ ਕਿ ਸਾਡੀ ਸਰਕਾਰ ਲੋਕਾਂ ਦੇ ਦੁੱਖ ਸੁੱਖ ਦੀ ਭਾਈਵਾਲ ਹੈ, ਕਿਸੇ ਮਾਫੀਏ ਦੀ ਨਹੀਂ, ਜਿਸ ਸਦਕਾ ਅਸੀਂ ਲੋਕਾਂ ਦੇ ਦੁੱਖ ਨੂੰ ਸਮਝਦੇ ਹੋਏ ਕੰਮ ਕਰ ਰਹੇ ਹਾਂ। ਉਹਨਾਂ ਕਿਹਾ ਕਿ ਸਰਦਾਰ ਭਗਤ ਸਿੰਘ ਵੱਲੋਂ ਲਏ ਸੁਪਨਿਆਂ ਦੀ ਆਜ਼ਾਦੀ ਅਜੇ ਨਹੀਂ ਆਈ ਇਸ ਆਰਥਿਕ ਆਜ਼ਾਦੀ ਲਈ ਅਜੇ ਹੋਰ ਕੰਮ ਕਰਨ ਦੀ ਲੋੜ ਹੈ ਤਾਂ ਜੋ ਅਮੀਰੀ ਅਤੇ ਗਰੀਬੀ ਦਾ ਪਾੜਾ ਮਿਟੇ ਉਹਨਾਂ ਬੱਚਿਆਂ ਨੂੰ ਮੁਖ਼ਾਤਿਬ ਹੁੰਦੇ ਕਿਹਾ ਕਿ ਤਰੱਕੀ ਦਾ ਇੱਕੋ ਇੱਕ ਹਥਿਆਰ ਸਿੱਖਿਆ ਹੈ, ਇਸ ਲਈ ਸਿੱਖਿਆ ਲੈ ਕੇ ਸਮੇਂ ਦੇ ਹਾਣੀ ਬਣੋ ਤਾਂ ਹੀ ਤੁਹਾਡੇ ਪਰਿਵਾਰਾਂ ਦੀ ਤਰੱਕੀ ਹੋ ਸਕੇਗੀ। ਉਹਨਾਂ ਪੰਜਾਬ ਦੇ ਬਦਲਦੇ ਸਕੂਲਾਂ ਦੀ ਗੱਲ ਕਰਦੇ ਕਿਹਾ ਕਿ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦਾ ਆਗਾਜ਼ ਹੋ ਚੁੱਕਾ ਹੈ, ਸਕੂਲਾਂ ਦੀ ਤਸਵੀਰ ਬਦਲੀ ਹੈ ਅਤੇ ਬੱਚਿਆਂ ਦੀ ਤਕਦੀਰ ਬਦਲ ਰਹੀ ਹੈ। ਉਹਨਾਂ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਦੇ ਬੱਚੇ ਮੈਰਿਟ ਵਿੱਚ ਆਉਂਦੇ ਹਨ, ਸਰਕਾਰੀ ਨੌਕਰੀਆਂ ਵਿੱਚੋਂ ਹੀ ਆਪਣਾ ਹਿੱਸਾ ਲੈਂਦੇ ਹਨ। ਉਹਨਾਂ ਅਧਿਆਪਕਾਂ ਨੂੰ ਦਿਲੋਂ ਜਾਨ ਨਾਲ ਮਿਹਨਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ।ਉਹਨਾਂ ਕਿਹਾ ਕਿ ਸਾਡੀ ਸਰਕਾਰ ਕੋਲ ਸਿਹਤ ਅਤੇ ਸਿੱਖਿਆ ਲਈ ਫੰਡਾਂ ਦੀ ਕੋਈ ਕਮੀ ਨਹੀਂ, ਤੁਸੀਂ ਜੋ ਵੀ ਹੁਕਮ ਸਕੂਲਾਂ ਤੇ ਹਸਪਤਾਲਾਂ ਲਈ ਮੈਨੂੰ ਲਗਾਓਗੇ ਮੈਂ ਹਾਜ਼ਰ ਹਾਂ। ਇਸ ਮੌਕੇ ਉਹਨਾਂ ਨਾਲ ਪ੍ਰਿੰਸੀਪਲ ਕੰਵਲਜੀਤ ਸਿੰਘ, ਚੇਅਰਮੈਨ ਸ਼ਨਾਖ ਸਿੰਘ, ਸਰਪੰਚ ਜਗਜੀਤ ਸਿੰਘ, ਰਣਜੀਤ ਸਿੰਘ, ਸੂਬੇਦਾਰ ਹਰਜਿੰਦਰ ਸਿੰਘ, ਦਿਲਬਾਗ ਸਿੰਘ ਲਕਸਮਣ ਸਿੰਘ, ਬਲਵਿੰਦਰ ਸਿੰਘ ਰਾਣਾ ਅਤੇ ਚੇਅਰਮੈਨ ਗੁਰਵਿੰਦਰ ਸਿੰਘ ਵੀ ਹਾਜ਼ਰ ਸਨ।

### ਅਕਾਲੀ ਦਲ ਵਾਰਿਸ ਪੰਜਾਬ ਦੇ ਸਮਰਥਨ 'ਚ ਆਈਆਂ ਅੰਮ੍ਰਿਤਸਰ ਦੀਆਂ ਆਟੋ ਯੂਨੀਅਨਾਂ

# ਧਰਮ ਜਾਤ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਹਰੇਕ ਵਰਕਰ ਨੂੰ ਪਾਰਟੀ 'ਚ ਮਿਲੇਗਾ ਪੂਰਾ ਮਾਨ-ਸਨਮਾਨ



**ਨਵੀਂ ਦਿੱਲੀ, 7 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):-** ਅੱਜ ਅੰਮ੍ਰਿਤਸਰ ਦੀਆਂ ਆਟੋ ਯੂਨੀਅਨਾਂ ਨੇ ਅੰਮ੍ਰਿਤਸਰ ਦੇ ਕਾਰਜਕਾਰੀ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਅਤੇ ਭਾਈ ਭੁਪਿੰਦਰ ਸਿੰਘ ਗੱਦਲੀ ਦੀ ਅਗਵਾਈ ਵਿੱਚ ਅਕਾਲੀ ਦਲ (ਵਾਰਿਸ ਪੰਜਾਬ ਦੇ) ਨਾਲ ਚੱਲਣ ਦਾ ਇਤਹਾਸਿਕ ਫੈਸਲਾ ਲਿਆ। ਇਹ ਫੈਸਲਾ ਆਟੋ ਯੂਨੀਅਨਾਂ ਦੇ ਵੱਡੀ ਗਿਣਤੀ ਚ' ਇਕੱਤਰ ਹੋਏ ਮੈਂਬਰਾਂ ਵੱਲੋਂ ਲਿਆ ਗਿਆ, ਜੋ ਕਿ ਪੰਜਾਬ ਵਿੱਚ ਸਰਕਾਰੀ ਜ਼ੁਲਮ, ਅਣਗਹਿਲੀ ਅਤੇ ਆਟੋ ਚਾਲਕਾਂ ਦੀਆਂ ਮੁਸ਼ਕਲਾਂ ਨੂੰ ਲੈ ਕੇ ਗੰਭੀਰ ਚਿੰਤਾ ਜਤਾਉਂਦੇ ਆਏ ਹਨ। ਆਟੋ ਯੂਨੀਅਨਾਂ ਦੇ ਪ੍ਰਧਾਨਾਂ ਤੇ ਮੈਂਬਰਾਂ ਵੱਲੋਂ ਬੁਲਾਏ ਜਾਣ ਤੇ ਬੱਸ ਸਟੈਂਡ ਤੇ ਪਹੁੰਚੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਅੰਮ੍ਰਿਤਸਰ ਕਾਰਜਕਾਰਨੀ ਦੇ ਮੈਂਬਰ ਭਾਈ ਭੁਪਿੰਦਰ ਸਿੰਘ ਗੱਦਲੀ ਅਤੇ ਭਾਈ ਸ਼ਮਸ਼ੇਰ ਸਿੰਘ ਪੱਧਰੀ ਤੋਂ ਇਲਾਵਾ ਉਹਨਾਂ ਦੇ ਭਾਈ ਦਯਾ ਸਿੰਘ, ਭਾਈ ਸਵਰਨ ਸਿੰਘ ਗੋਲਡਨ, ਭਾਈ ਸੁਖਬੀਰ ਸਿੰਘ ਚੀਮਾਂ, ਭਾਈ ਬਲਜੀਤ ਸਿੰਘ ਚਾਟੀਵਿੰਡ (ਸਾਬਕਾ ਸਰਪੰਚ) ਤੇ ਉਹਨਾਂ ਦੇ ਸਾਥੀ, ਭਾਈ ਮਹਿੰਦਰਪਾਲ ਸਿੰਘ ਤੁੰਗ ਅਤੇ ਡਾਕਟਰ ਅਤੁੱਲ ਕੁਮਾਰ ਜੀ ਵੀ ਹਾਜਰ ਸਨ। ਇਸ ਵਕਤ ਆਟੋ ਯੂਨੀਅਨ ਦੇ ਪ੍ਰਧਾਨ ਸ੍ਰੀ ਪ੍ਰਸ਼ੋਤਮ ਕਾਲੀਆ, ਭਾਈ ਤੀਰਥ ਸਿੰਘ, ਭਾਈ ਅਜੈ ਸਿੰਘ, ਭਾਈ ਲਖਵਿੰਦਰ ਸਿੰਘ, ਸ੍ਰ ਨਿਹਾਲ ਸਿੰਘ, ਸ੍ਰ ਰਾਵਲ ਸਿੰਘ, ਸ੍ਰ ਖੜਕ ਸਿੰਘ, ਸ੍ਰ ਮਨਪ੍ਰੀਤ ਸਿੰਘ, ਸ੍ਰ ਬਲਜਿੰਦਰ ਸਿੰਘ, ਸ੍ਰੀ ਵਿਸ਼ਨੂੰ ਸਿੰਘ, ਸ੍ਰ ਰਿੰਕੂ ਸਿੰਘ, ਸ੍ਰ ਹਰਜਿੰਦਰ ਸਿੰਘ, ਸ੍ਰ ਜੁਗਰਾਜ ਸਿੰਘ, ਸ੍ਰ ਜਰਨੈਲ ਸਿੰਘ ਤੋਂ ਇਲਾਵਾ ਲੱਗਭੱਗ 60 ਤੋਂ 70 ਆਟੋ ਚਾਲਕ ਕਿਰਤੀ ਹਾਜ਼ਰ ਸਨ। ਅੰਮ੍ਰਿਤਸਰ ਬੱਸ ਸਟੈਂਡ ਵਿਖੇ ਇਕੱਤਰ ਹੋਏ ਆਟੋ ਯੂਨੀਅਨਾਂ ਦੇ ਆਟੋ ਚਾਲਕਾਂ ਨੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਮੈਂਬਰਸ਼ਿਪ ਲਈ ਅਤੇ ਪਾਰਟੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਫੋਟੋ ਵਾਲੇ ਸਟਿੱਕਰ ਆਪਣੇ ਆਟੋਆਂ 'ਤੇ ਲਗਾ ਕੇ ਸਮਰਥਨ ਪ੍ਰਗਟਾਵਾ ਕੀਤਾ। ਇਹ ਘਟਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਪੰਜਾਬ ਦਾ ਮਜ਼ਦੂਰ ਅਤੇ ਮੱਧਵਰਗੀ ਵਰਗ ਹੁਣ ਆਪਣੀ ਹੱਕਾਂ ਦੀ ਲੜਾਈ ਲਈ ਅਕਾਲੀ ਦਲ (ਵਾਰਿਸ ਪੰਜਾਬ ਦੇ) ਨਾਲ ਖੜ੍ਹਾ ਹੋ ਰਿਹਾ ਹੈ। ਭਾਈ ਸ਼ਮਸ਼ੇਰ ਸਿੰਘ ਪੱਧਰੀ ਅਤੇ ਭਾਈ ਭੁਪਿੰਦਰ ਸਿੰਘ ਗੱਦਲੀ ਨੇ ਇਸ ਸਮੇਂ ਆਪਣੇ ਸਾਂਝੇ ਸੰਬੋਧਨ ਵਿੱਚ ਕਿਹਾ ਕਿ ਆਟੋ ਚਾਲਕਾਂ ਨੂੰ ਬੇਵਜ੍ਹਾ ਤੰਗ ਪਰੇਸ਼ਾਨ ਪਾਇਆ ਜਾਂਦਾ ਹੈ, ਨਜਾਇਜ਼ ਚਲਾਨਾਂ ਅਤੇ ਪੁਲਿਸ ਦੀ ਵੱਧ ਰਹੀ ਜ਼ਬਰਦਸਤੀ ਕਾਰਨ ਉਹਨਾਂ ਦੀ ਰੋਜ਼ੀ-ਰੋਟੀ ਪ੍ਰਭਾਵਤ ਹੋ ਰਹੀ ਹੈ। ਇਹ ਉਹ ਸਮਾਂ ਹੈ, ਜਦੋਂ ਪੰਜਾਬ ਦੇ ਹਰ ਵਰਗ ਨੂੰ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਹਿਮਾਇਤ ਕਰਨੀ ਚਾਹੀਦੀ ਹੈ, ਤਾਂਕਿ ਸੱਚੀ ਪੰਥਕ ਅਤੇ ਰਾਜਨੀਤਿਕ ਆਜ਼ਾਦੀ ਹਾਸਲ ਹੋ ਸਕੇ। ਉਹਨਾਂ ਕਿਹਾ ਕਿ ਧਰਮ ਜਾਤ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਹਰੇਕ ਵਰਕਰ ਨੂੰ ਪਾਰਟੀ ਚ' ਪੂਰਾ ਮਾਨ-ਸਨਮਾਨ ਦਿੱਤਾ ਜਾਵੇਗਾ ਅਤੇ ਪਾਰਟੀ ਹਰ ਵਰਕਰ ਦੇ ਨਾਲ ਹਰ ਔਖੇ ਸਮੇਂ ਤੇ ਚੱਟਾਨ ਵਾਂਗ ਖੜੀ ਹੋਵੇਗੀ। ਇਸ ਸਮੇਂ ਭਾਈ ਪੱਧਰੀ ਅਤੇ ਭਾਈ ਗੱਦਲੀ ਵੱਲੋਂ ਇਹ ਐਲਾਨ ਵੀ ਕੀਤਾ ਗਿਆ ਕਿ ਅਕਾਲੀ ਦਲ (ਵਾਰਿਸ ਪੰਜਾਬ ਦੇ) ਪਾਰਟੀ ਆਟੋ ਚਾਲਕਾਂ ਦੀਆਂ ਮੁਸ਼ਕਲਾਂ ਨੂੰ ਹਰ ਪੱਧਰ 'ਤੇ ਉਠਾਵੇਗੀ ਅਤੇ ਉਹਨਾਂ ਦੇ ਹੱਕਾਂ ਦੀ ਲੜਾਈ ਲੜੇਗੀ। ਜਿਸ ਨਾਲ ਪੰਜਾਬ ਦੇ ਹਿੱਤਾਂ ਦੀ ਰਾਖੀ ਅਤੇ ਸੰਘਰਸ਼ ਦੀ ਲਹਿਰ ਹੋਰ ਤੇਜ ਹੋਵੇਗੀ। ਉਹਨਾਂ ਕਿਹਾ ਕਿ ਅਕਾਲੀ ਦਲ (ਵਾਰਿਸ ਪੰਜਾਬ ਦੇ) ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਪਾਰਟੀ ਨਾਲ ਜੁੜਨ ਲਈ ਸੱਦਾ ਦਿੰਦੀ ਹੈ, ਤਾਂਕਿ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਯਕੀਨੀ ਬਣਾਈ ਜਾ ਸਕੇ।

### ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ

# 350 ਸਾਲਾ ਸ਼ਹੀਦੀ ਪੁਰਬ ਨੂੰ ਲੈ ਕੇ ਸਿੰਘ ਸਭਾਵਾਂ ਦੇ ਪ੍ਰਤੀਨਿਧਾਂ ਨਾਲ ਵਿਚਾਰ ਚਰਚਾ



**ਨਵੀਂ ਦਿੱਲੀ, 7 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮਨਾਉਣ ਨੂੰ ਲੈ ਕੇ ਦਿੱਲੀ ਦੀਆਂ ਸਿੰਘ ਸਭਾਵਾਂ ਦੇ ਪ੍ਰਤੀਨਿਧਾਂ ਨਾਲ ਬੀਤੇ ਦਿਨ ਇਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਦੱਸਿਆ ਗਿਆ ਕਿ ਕਮੇਟੀ ਨੇ ਸਾਢੇ ਤਿੰਨ ਲੱਖ ਸਹਿਜ ਪਾਠ ਦਾ ਟੀਚਾ ਰੱਖਿਆ ਹੈ ਜਿਸ ਲਈ ਸੰਗਤਾ ਨੂੰ ਪ੍ਰੇਰਿਆ ਜਾ ਰਿਹਾ ਹੈ। 15 ਅਪ੍ਰੈਲ ਤੋਂ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਚ ਸਹਿਜ ਪਾਠ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਨਵੰਬਰ 2025 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਪਾਏ ਜਾਣੇ ਹਨ। ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਕੀਤਾ ਹੈ। ਇਥੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਇਸ ਸਬੰਧ ਵਿਚ ਸਿੰਘ ਸਭਾਵਾਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ, ਸਰਦਾਰ ਕਾਹਲੋਂ ਤੇ ਸਰਦਾਰ ਕਰਮਸਰ ਨੇ ਕਿਹਾ ਕਿ ਸਾਡਾ ਯਤਨ ਹੈ ਕਿ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਜਾਵੇ। ਉਹਨਾਂ ਕਿਹਾ ਕਿ ਜਦੋਂ 1999 ਵਿਚ ਅਸੀਂ 300 ਸਾਲਾ ਖਾਲਸੇ ਦਾ ਜਨਮ ਦਿਹਾੜਾ ਮਨਾਇਆ, ਫਿਰ 550 ਸਾਲਾ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਦਾ ਦਿਹਾੜਾ ਆਇਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਦਿਹਾੜਾ ਆਇਆ ਤਾਂ ਸਮੁੱਚੀ ਦੁਨੀਆਂ ਨੇ ਵੇਖਿਆ ਕਿ ਅਸੀਂ ਆਪਣੇ ਗੁਰੂ ਸਾਹਿਬਾਨ ਤੇ ਕੌਮ ਨਾਲ ਸਬੰਧਤ ਦਿਹਾੜੇ ਕਿਵੇਂ ਮਨਾਉਂਦੇ ਹਾਂ। ਉਹਨਾਂ ਕਿਹਾ ਕਿ ਹੁਣ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸ਼ਹੀਦੀ ਦਿਹਾੜਾ ਆ ਰਿਹਾ ਹੈ। ਉਹਨਾਂ ਕਿਹਾ ਕਿ ਪੂਰੀ ਦੁਨੀਆਂ ਵਿਚ ਇਹ ਇਕਲੌਤੀ ਸ਼ਹਾਦਤ ਹੈ ਜੋ ਦੂਜਿਆਂ ਦੇ ਧਰਮ ਦੀ ਰਾਖੀ ਵਾਸਤੇ ਦਿੱਤੀ ਗਈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣਾ ਸਰਬੰਸ ਵਾਰਿਆ, ਇਸਦੀ ਬਰਾਬਰੀ ਦੀ ਕੋਈ ਮਿਸਾਲ ਨਹੀਂ ਮਿਲਦੀ ਅਤੇ ਇਸ ਤੋਂ ਵੱਡੀ ਸ਼ਹਾਦਤ ਕੋਈ ਨਹੀਂ ਹੋਈ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਹੋਈ। ਉਹਨਾਂ ਕਿਹਾ ਕਿ ਜਦੋਂ ਵੀ ਲੋਕ ਆਪਣਾ ਇਤਿਹਾਸ ਪੜ੍ਹਦੇ ਹਨ ਤਾਂ ਉਹਨਾਂ ਦੇ ਮਨਾਂ 'ਤੇ ਉਸਦੀ ਛਾਪ ਰਹਿ ਜਾਂਦੀ ਹੈ। ਉਹਨਾਂ ਕਿਹਾ ਕਿ ਇਹ ਇਕ ਅੱਟਲ ਸੱਚਾਈ ਹੈ ਕਿ ਸਾਡਾ ਸਿੱਖ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਹੈ। ਉਹਨਾਂ ਕਿਹਾ ਕਿ ਜੋ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਗੁਰਧਾਮ ਹਨ, ਉਹਨਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਅਸੀਂ ਸਲਾਹ ਮਸ਼ਵਰੇ ਵਾਸਤੇ ਸੱਦਿਆ ਹੈ। ਅਸੀਂ ਇਸ ਸ਼ਤਾਬਦੀ ਨੂੰ ਇਸ ਤਰੀਕੇ ਮਨਾਉਣਾ ਚਾਹੁੰਦੇ ਹਾਂ ਕਿ ਦੁਨੀਆਂ ਵਿਚ ਮਿਸਾਲ ਬਣੇ। ਉਹਨਾਂ ਕਿਹਾ ਕਿ ਜਿਵੇਂ ਵੀਰ ਬਾਲ ਦਿਵਸ ਨੂੰ ਦੁਨੀਆਂ ਭਰ ਵਿਚ ਸਰਕਾਰ ਨੇ ਮਨਾਇਆ, ਉਸੇ ਤਰੀਕੇ ਅਸੀਂ ਇਹ ਸ਼ਤਾਬਦੀ ਮਨਾਉਣਾ ਚਾਹੁੰਦੇ ਹਾਂ। ਉਹਨਾਂ ਕਿਹਾ ਕਿ ਇਸ ਮਾਮਲੇ ਵਿਚ ਸਰਕਾਰਾਂ ਦਾ ਵੀ ਸਾਨੂੰ ਪੂਰਨ ਸਹਿਯੋਗ ਹੈ। ਉਹਨਾਂ ਕਿਹਾ ਕਿ ਅਸੀਂ ਕੇਂਦਰ ਸਰਕਾਰ ਦੇ ਨਾਲ-ਨਾਲ ਉਹਨਾਂ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਵੀ ਮਿਲਾਂਗੇ ਜਿਥੇ-ਜਿਥੇ ਗੁਰੂ ਸਾਹਿਬ ਗਏ ਸਨ ਤੇ ਦੱਸਾਂਗੇ ਕਿ ਅਸੀਂ ਇਹ ਦਿਹਾੜਾ ਮਨਾਉਣਾ ਹੈ। ਉਹਨਾਂ ਕਿਹਾ ਕਿ ਗੁਰੂ ਸਾਹਿਬ ਨੇ ਤਿਲਕ ਜੰਞੂ ਦੀ ਰਾਖੀ ਕੀਤੀ ਹੈ। ਉਹਨਾਂ ਕਿਹਾ ਕਿ ਤੁਹਾਡੇ ਸੁਝਾਅ ਲੈਣ ਮਗਰੋਂ ਅਸੀਂ ਅੰਤਿਮ ਪ੍ਰੋਗਰਾਮ ਤੈਅ ਕਰਾਂਗੇ। ਉਹਨਾਂ ਕਿਹਾ ਕਿ ਅਸੀਂ ਅਜਿਹੇ ਪ੍ਰੋਗਰਾਮ ਕਰਾਵਾਂਗੇ ਕਿ ਦੁਨੀਆਂ ਯਾਦ ਰੱਖੇ। ਉਹਨਾਂ ਕਿਹਾ ਕਿ 15 ਅਪ੍ਰੈਲ ਤੋਂ ਅਸੀਂ ਸਹਿਜ ਪਾਠ ਦੀ ਆਰੰਭਤਾ ਸਵੇਰੇ 11.00 ਵਜੇ ਕਰਾਂਗੇ। ਅਸੀਂ ਸੰਗਤਾਂ ਨੂੰ ਅਪੀਲ ਕਰਾਂਗੇ ਕਿ ਆਪ ਪਾਠ ਕਰੋ ਤੇ ਜਿਹਨਾਂ ਦੇ ਘਰਾਂ ਵਿਚ ਸਰੂਪ ਨਹੀਂ ਹਨ, ਅਸੀਂ ਸਰੂਪ ਵੀ ਦੇਵਾਂਗੇ। ਉਹਨਾਂ ਕਿਹਾ ਕਿ ਜਿਹਨਾਂ ਦੇ ਘਰਾਂ ਵਿਚ ਸਰੂਪ ਰੱਖਣ ਲਈ ਥਾਂ ਨਹੀਂ, ਅਸੀਂ ਸੈਂਚੀਆਂ ਪ੍ਰਦਾਨ ਕਰਾਂਗੇ। ਉਹਨਾਂ ਕਿਹਾ ਕਿ ਸਹਿਜ ਪਾਠ ਦੀ ਸਮਾਪਤੀ 25 ਨਵੰਬਰ ਨੂੰ ਹੋਵੇਗੀ। ਉਹਨਾਂ ਕਿਹਾ ਕਿ 25 ਨਵੰਬਰ ਨੂੰ ਅਸੀਂ ਲਾਲ ਕਿਲ੍ਹੇ 'ਤੇ ਵੱਡਾ ਸਮਾਗਮ ਕਰਾਂਗੇ। ਇਥੇ ਹੀ ਸ੍ਰੀ ਸਹਿਜ ਪਾਠ ਦੀ ਸੰਪੂਰਨਤਾ ਕਰਾਂਗੇ। ਉਹਨਾਂ ਕਿਹਾ ਕਿ ਜਿਹਨਾਂ ਨੂੰ ਖ਼ਤਮ ਕਰਨ ਵਾਸਤੇ ਔਰੰਗਜੇਬ ਨੇ ਮੁਹਿੰਮ ਚਲਾਈ, ਉਹਨਾਂ ਦਾ ਨਾਂ ਸਾਰੀ ਦੁਨੀਆਂ ਵਿਚ ਗੂੰਜ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ 15 ਅਪ੍ਰੈਲ ਤੱਕ ਨਾਵਾਂ ਦੀ ਰਜਿਸਟਰੇਸ਼ਨ ਕਰਾਂਗੇ, ਜਿਸ ਵਾਸਤੇ ਲੋਕ ਆਪ ਮੁਹਾਰੇ ਅੱਗੇ ਆਉਣ। ਉਹਨਾਂ ਕਿਹਾ ਕਿ ਅਸੀਂ ਦੱਸਾਂਗੇ ਕਿ ਕਿਵੇਂ ਲੱਖਾਂ ਲੋਕ ਰੋਜ਼ਾਨਾ ਸਹਿਜ ਪਾਠ ਕਰਨਗੇ ਤੇ ਗੁਰੂ ਦੇ ਜਸ ਗਾਇਨ ਕਰਨਗੇ। ਉਹਨਾਂ ਨੇ ਦਿੱਲੀ ਗੁਰਦੁਆਰਾ ਕਮੇਟੀ ਮੈਂਬਰਾਂ ਨੂੰ ਆਖਿਆ ਕਿ ਉਹ ਆਪੋ ਆਪਣੇ ਇਲਾਕੇ ਵਿਚ ਸਿੰਘ ਸਭਾਵਾਂ, ਇਸਤਰੀ ਸਤਿਸੰਗ ਤੇ ਹੋਰ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਕਰ ਕੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਾਸਤੇ ਯੋਗਦਾਨ ਪਾਉਣ।

# "ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ"

### ☛ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣਾ ਸੂਬਾ ਸਰਕਾਰ ਦੀ ਪਹਿਲੀ ਤਰਜੀਹ- ਜਗਰੂਪ ਸਿੰਘ ਗਿੱਲ ☛ ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰੀਆਂ ਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਪਾਈ ਨਕੇਲ






ਬਠਿੰਡਾ, 7 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ "ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ" ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਦਿਆਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ ਨੇ ਸਥਾਨਕ ਘਣੱਈਆ ਨਗਰ ਦੇ ਸਰਕਾਰੀ ਹਾਈ ਸਕੂਲ ਵਿਖੇ ਸਿੱਖਿਆ ਕ੍ਰਾਤੀ ਦੇ ਮੱਦੇਨਜ਼ਰ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆ ਕੀਤਾ। ਇਸ ਮੌਕੇ ਚੇਅਰਮੈਨ, ਪੰਜਾਬ ਮੀਡੀਅਮ ਇੰਡਸਟਰ੍ਰੀਜ਼ ਡਿਵੈਲਪਮੈਂਟ ਬੋਰਡ ਸ੍ਰੀ ਨੀਲ ਗਰਗ ਵਿਸ਼ੇਸ ਤੌਰ ਤੇ ਹਾਜ਼ਰ ਸਨ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਸਕੂਲ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਵੀ ਕੀਤਾ ਗਿਆ। ਇਸ ਮੌਕੇ ਸ. ਜਗਰੂਪ ਸਿੰਘ ਗਿੱਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸੂਬਾ ਸਰਕਾਰ ਵੱਲੋਂ ਜ਼ੀਰੋ ਟਾਰਲੈਂਸ ਨੀਤੀ ਤੇ ਕੰਮ ਕਰਦਿਆਂ ਭ੍ਰਿਸ਼ਟਾਚਾਰੀਆਂ ਨੂੰ ਫੜ ਕੇ ਜੇਲ੍ਹਾਂ ਵਿੱਚ ਭੇਜਿਆ ਜਾ ਰਿਹਾ ਹੈ ਅਤੇ ਨਸ਼ਿਆਂ ਦੇ ਸੌਦਾਗਰਾਂ ਤੇ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਦੀਆਂ ਪ੍ਰਾਪਰਟੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਸ. ਜਗਰੂਪ ਸਿੰਘ ਗਿੱਲ ਨੇ ਸੂਬਾ ਸਰਕਾਰ ਦੀ ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਨੂੰ ਦਰਸਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਕੂਲ ਆਫ਼ ਐਮੀਨੈਂਸ ਮਾਡਲ ਜੋ ਕਿ ਮੁਹਾਲੀ, ਅੰਮ੍ਰਿਤਸਰ ਅਤੇ ਲੁਧਿਆਣਾ ਵਰਗੇ ਵੱਡੇ ਸ਼ਹਿਰਾਂ ਵਿੱਚ ਵੀ ਸਰਕਾਰੀ ਸਕੂਲ ਸਿੱਖਿਆ ਦੀ ਨਿਵੇਕਲੀ ਪਛਾਣ ਬਣ ਗਿਆ ਹੈ। ਇਹਨਾਂ ਸਕੂਲਾਂ ਦੀ ਸ਼ਾਨਦਾਰ ਯੂਨੀਫਾਰਮ, ਆਧੁਨਿਕ ਬੱਸ ਸੇਵਾ, ਕੋਚਿੰਗ ਅਤੇ ਕੈਰੀਅਰ ਗਾਈਡੈਂਸ ਮਿਲ ਰਹੀ ਹੈ। ਉਨ੍ਹਾਂ ਦੱਸਿਆ ਕਿ 150 ਤੋਂ ਜਿਆਦਾ ਸਕੂਲਾਂ ਵਿੱਚ ਬੱਸ ਸੇਵਾ ਸ਼ੁਰੂ ਹੋ ਚੁੱਕੀ ਹੈ, ਜਿਸ ਨਾਲ 10000 ਤੋਂ ਵੱਧ ਬੱਚਿਆਂ ਵਿਸ਼ੇਸ਼ ਕਰਕੇ ਲੜਕੀਆਂ ਨੂੰ ਫਾਇਦਾ ਹੋ ਰਿਹਾ ਹੈ। ਸਕੂਲ ਦੂਰ ਹੋਣ ਕਾਰਨ ਜੋ ਲੜਕੀਆਂ ਪੜ੍ਹਾਈ ਛੱਡਣ ਲਈ ਮਜਬੂਰ ਸਨ, ਹੁਣ ਭਵਿੱਖ ਦੇ ਸੁਪਨੇ ਪਰ ਕਰਨ ਵਾਸਤੇ ਸਕੂਲਾਂ ਵਿੱਚ ਪੜ੍ਹਣ ਆ ਰਹੀਆਂ ਹਨ। ਸ. ਜਗਰੂਪ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਬੱਚਿਆਂ ਨੂੰ ਇਸਰੋ, ਆਈਆਈਐੱਮ, ਆਈਆਈਟੀ ਵਰਗੀਆਂ ਸੰਸਥਾਵਾਂ ਦੀ ਵਿਜਿਟ ਕਰਵਾ ਕੇ ਉਹਨਾਂ ਨੂੰ ਆਪਣੇ ਸ਼ਾਨਦਾਰ ਭਵਿੱਖ ਦੇ ਸੁਨਹਿਰੀ ਸੁਪਨੇ ਸਾਕਾਰ ਕਰਨ ਵਾਸਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ 250 ਪ੍ਰਿੰਸੀਪਲਾਂ ਨੂੰ ਸਿੰਗਾਪੁਰ, 150 ਹੈੱਡਮਾਸਟਰਾਂ ਨੂੰ ਆਈਆਈਐੱਮ ਅਹਿਮਦਾਬਾਦ ਅਤੇ 72 ਅਧਿਆਪਕਾਂ ਨੂੰ ਸਿਖਲਾਈ ਵਾਸਤੇ ਫਿਨਲੈਂਡ ਭੇਜਿਆ ਗਿਆ। ਇਸ ਤੋਂ ਇਲਾਵਾ ਸੈਂਕੜੇ ਖੇਡ ਮੈਦਾਨ ਵਿਕਸਤ ਕੀਤੇ ਗਏ ਤਾਂ ਕਿ ਬੱਚੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰਨ। ਸ. ਜਗਰੂਪ ਸਿੰਘ ਗਿੱਲ ਨੇ ਦੱਸਿਆ ਕਿ ਸਥਾਨਕ ਸਕੂਲ ਨੂੰ ਖਾਣੇ ਲਈ ਸ਼ੈੱਡ, ਆਰ.ਓ ਅਤੇ ਸੇਨੇਟਰੀ ਦੇ ਕੰਮ ਲਈ 2.98 ਲੱਖ ਅਤੇ ਸਕੂਲ ਦੀ 70 ਮੀਟਰ ਚਾਰਦੀਵਾਰੀ ਨੂੰ ਉੱਚਾ ਚੁੱਕਣ ਲਈ 1.40 ਲੱਖ ਦੀ ਰਾਸ਼ੀ ਦਿੱਤੀ ਜਾ ਚੁੱਕੀ ਹੈ। ਇਸ ਮੌਕੇ ਕੌਂਸਲਰ ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਮਨਿੰਦਰ ਕੌਰ, ਕੋਆਰਡੀਨੇਟਰ ਸਕੂਲ ਐਜੂਕੇਸ਼ਨ ਸ. ਜਗਵੰਤ ਸਿੰਘ ਸਿੱਧੂ, ਕੋਆਰਡੀਨੇਟਰ ਮਾਲਵਾ ਜੋਨ ਸ. ਹਰਮੰਦਰ ਸਿੰਘ ਬਰਾੜ, ਸੀਨੀਅਰ ਲੀਡਰ ਸ. ਆਤਮਾ ਆਦਿ ਹਾਜ਼ਰ ਸਨ।

# ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਵਿਖੇ ਰਾਮ ਨੌਮੀ ਦਾ ਤਿਉਹਾਰ ਮਨਾਇਆ ਗਿਆ



**ਜੰਡਿਆਲਾ ਗੁਰੂ, 7 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)**-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਰਾਮ ਨੌਮੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਅਤੇ ਪਿਆਰ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸਕੂਲ ਦੇ ਕਿੰਡਰਗਾਰਡਨ ਦੇ ਬੱਚਿਆਂ ਨੇ ਭਗਵਾਨ ਸ੍ਰੀ ਰਾਮ ਚੰਦਰ ਜੀ ਦੀ ਜੀਵਨੀ ਤੇ ਆਧਾਰਿਤ ਬਹੁਤ ਹੀ ਮਨ ਮੋਹਣਾ ਲਘੂ ਨਾਟਕ ਪੇਸ਼ ਕੀਤਾ । ਜਿਸ ਨੇ ਸਭ ਨੂੰ ਸ੍ਰੀ ਰਾਮ ਚੰਦਰ ਜੀ ਦੀ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ। ਉਪਰੰਤ ਬੱਚਿਆਂ ਵੱਲੋਂ ਬਹੁਤ ਹੀ ਮਨਮੋਹਕ ਗਰੁਪ ਡਾਂਸ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਵਿਦਿਆਰਥੀਆਂ ਨੂੰ ਰਾਮ ਨੌਮੀ ਦੀ ਦੀ ਮਹੱਤਤਾ ਤੋਂ ਜਾਣੂ ਕਰਾਇਆ। ਉਹਨਾਂ ਕਿਹਾ ਕਿ ਰਾਮ ਨੌਮੀ ਸਿਰਫ ਇੱਕ ਧਾਰਮਿਕ ਤਿਉਹਾਰ ਨਹੀਂ ਸਗੋਂ ਸੱਚ ਨਿਆ ਅਤੇ ਸ਼ਰਧਾ ਦੇ ਫੁੱਲਾਂ ਦਾ ਵੀ ਜਸ਼ਨ ਹੈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਵੀ ਬੱਚਿਆਂ ਦੀ ਖੂਬ ਪ੍ਰਸ਼ੰਸਾ ਕੀਤੀ ਅਤੇ ਉਹਨਾਂ ਦੇ ਅਧਿਆਪਕਾਂ ਸ਼੍ਰੀਮਤੀ ਰਿਪਨ ,ਸ਼੍ਰੀਮਤੀ ਦੀਪਿਕਾ , ਸ਼੍ਰੀਮਤੀ ਸ਼ੈਲਜਾ ਕੁਮਾਰੀ , ਸ਼੍ਰੀਮਤੀ ਮੀਨੂ ਸ਼ਰਮਾ, ਸ਼੍ਰੀਮਤੀ ਅੰਜਨਾ ਰਾਣੀ ਦੀ ਮਿਹਨਤ ਨੂੰ ਵੀ ਸਰਾਹਿਆ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ ਸ਼ਿਲਪਾ ਸ਼ਰਮਾ ਕੁਆਡੀਨੇਟਰ ਨਿਲਾਕਸ਼ੀ ਗੁਪਤਾ ਕੋਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ ਦੀ ਚੰਡੀਗੜ੍ਹ ਇਕਾਈ ਦੀ ਸਰਕਲ ਡੈਲੀਗੇਟ ਚੋਣ ਦੀ ਮੀਟਿੰਗ ਆਯੋਜਿਤ

# ਸਮੁੱਚੇ ਅਧਿਕਾਰ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਦੇ ਸਪੁਰਦ



**ਚੰਡੀਗੜ੍ਹ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੀ ਚੰਡੀਗੜ੍ਹ ਇਕਾਈ ਦੀ ਸਰਕਲ ਡੈਲੀਗੇਟ ਚੋਣ ਦੀ ਮੀਟਿੰਗ ਅੱਜ ਪਾਰਟੀ ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਡਾ.ਦਲਜੀਤ ਸਿੰਘ ਜੀ ਚੀਮਾ ਅਤੇ ਐਡ.ਅਰਸ਼ਦੀਪ ਸਿੰਘ ਕਲੇਰ ਦੀ ਅਗਵਾਈ ਹੇਠ ਹੋਈ । ਇਸ ਮੌਕੇ ਮੀਟਿੰਗ ਵਿੱਚ ਸ਼ਾਮਲ ਸਮੂਹ ਆਗੂਆਂ ਵੱਲੋਂ ਸਾਰੇ ਅਹੁਦੇਦਾਰਾਂ ਦੀ ਚੋਣ ਦੇ ਸਮੁੱਚੇ ਅਧਿਕਾਰ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸ. ਬਲਵਿੰਦਰ ਸਿੰਘ ਭੂੰਦੜ ਜੀ ਦੇ ਸਪੁਰਦ ਕੀਤੇ ਗਏ ।ਅੱਜ ਦੀ ਇਸ ਮੀਟਿੰਗ ਵਿੱਚ ਸ. ਚਰਨਜੀਤ ਸਿੰਘ ਵਿਲੀ ਪ੍ਰਧਾਨ ਚੰਡੀਗੜ੍ਹ ਇਕਾਈ , ਪ੍ਰਧਾਨ SOI ਸ. ਰਣਬੀਰ ਸਿੰਘ ਢਿੱਲੋਂ, ਬੀਬੀ ਸਤਵੰਤ ਕੌਰ ਜੌਹਲ, ਸ. ਨੈਬ ਸਿੰਘ ਦਊਮਾਜਾਰਾ, ਇ. ਬਲਵਿੰਦਰ ਸਿੰਘ, ਸ਼੍ਰੀ ਵਿਨੋਦ ਨਾਗਪਾਲ, ਸ. ਜਬਰਜੰਗ ਸਿੰਘ ਅਤੇ ਸਮੁੱਚੇ ਵਰਕਰ ਸਾਹਿਬਾਨ ਮੌਜੂਦ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

ਕੇਵਲ ਬਾਗੀ ਅਤੇ ਦਾਗੀ ਧੜਾ ਗੁਰੂ ਪੰਥ ਨਹੀਂ ਹਨ-ਕਥਾਵਾਚਕ ਜਸਵਿੰਦਰ ਸਿੰਘ ਕਾਹਨੂੰਵਾਨ ਛੰਭ

# ਬਾਗੀ ਧੜਾ ਵੀ ਗੁਰੂ ਪੰਥ ਦਾ ਘਾਣ ਕਰਨ ਲਈ, ਲੰਮਾ ਸਮਾਂ ਦਾਗੀਆਂ ਦਾ ਹਿੱਸਾ ਰਿਹਾ ਹੈ



**ਅੰਮ੍ਰਿਤਸਰ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਖਾਲਸਾ ਪੰਥ ਦੇ ਕਥਾਵਾਚਕ ਅਤੇ ਸ੍ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਗੁਰਦਾਸਪੁਰ ਜਿਲੇ ਦੇ ਯੂਥ ਪ੍ਰਧਾਨ ਨੇ ਬਿਆਨ ਜਾਰੀ ਕਰਦਿਆਂ ਹੋਇਆਂ ਕਿਹਾ ਕਿ 01 ਮਈ 1994 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਦੀ ਪਹਿਲੀ ਕਦਮੀ ਨਾਲ ਜੋ ਅੰਮ੍ਰਿਤਸਰ ਐਲਾਨਨਾਮਾ ਹੋਇਆ ਸੀ ।ਉਹ ਪੰਥ ਵਿੱਚੋਂ ਵੱਖੋ ਵੱਖਰੀਆਂ ਚੱਲ ਰਹੀਆਂ ਪੰਥਕ ਧਿਰਾਂ ਨੂੰ ਇੱਕ ਸੂਤਰ ਵਿੱਚ ਪ੍ਰੋਣ ਦਾ ਸੁਹਿਰਦ ਯਤਨ ਸੀ ਤੇ ਪੰਥਕ ਹਿੱਤਾਂ ਲਈ ਜ਼ਰੂਰੀ ਸੀ । ਉਸ ਸਮੇਂ ਸਾਰੇ ਸਿਆਸੀ ਦਲ ਭੰਗ ਕਰਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਬਣਾਇਆ ਗਿਆ ਸੀ ਅਤੇ ਉਸ ਦਾ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਬਣਾਇਆ ਗਿਆ ਸੀ। ਉਸ ਸਮੇਂ ਵੀ ਬਾਦਲ ਦਲ ਨੇ ਅਕਾਲ ਤਖਤ ਸਾਹਿਬ ਦਾ ਹੁਕਮ ਨਹੀਂ ਸੀ ਮੰਨਿਆ ਅਤੇ ਆਪਣੇ ਬਾਦਲ ਦਲ ਨੂੰ ਕਾਇਮ ਰੱਖਿਆ ਸੀ ਤੇ 1994 ਦੇ ਵਿੱਚ ਬਾਦਲ ਦਲ ਵੱਲੋਂ ਮੋਗਾ ਵਿੱਚ ਕਾਨਫਰੰਸ ਕਰਕੇ ਸ਼੍ਰੋਮਣੀ ਅਕਾਲੀ ਦਲ ਜਿਸ ਨੂੰ ਪਹਿਲਾਂ ਬਾਦਲ ਦਲ ਬਣਾਇਆ ਤੇ ਫਿਰ ਪੰਜਾਬੀ ਪਾਰਟੀ ਬਣਾ ਦਿੱਤਾ ।ਕਥਾਵਾਚਕ ਨੇ ਕਿਹਾ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਦੋ ਦਸੰਬਰ ਨੂੰ ਲਏ ਗਏ ਫੈਸਲੇ ਗੁਰਮਤਿ ਅਤੇ ਇਤਿਹਾਸ ਦੇ ਅਨਕੂਲ ਨਹੀਂ ਸਨ। ਉਹਨਾਂ ਫੈਸਲਿਆਂ ਵਿੱਚ ਇੱਕ ਫੈਸਲਾ ਪੰਥਕ ਏਕਤਾ ਦਾ ਸੀ ਪਰ ਇਸ ਫੈਸਲੇ ਵੇਲੇ ਪੰਥਕ ਏਕਤਾ ਦੀ ਗੱਲ ਕਰਦਿਆਂ ਸਿਰਫ ਦੋ ਧਿਰਾਂ ਦੀ ਏਕਤਾ ਦੀ ਗੱਲ ਕੀਤੀ ਗਈ ਜੋ ਕਿ ਸਹੀ ਨਹੀਂ ਹੈ। ਸਿਰਫ ਦੋ ਸਿਆਸੀ ਧਿਰਾਂ ਸਮੁੱਚੇ ਪੰਥ ਦੀ ਨੁਮਾਇੰਦਗੀ ਨਹੀਂ ਕਰ ਸਕਦੀਆਂ ।ਸਿਰਫ ਏਨਾ ਹੀ ਨਹੀਂ ਜਦੋਂ ਇੱਕ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਏਕਤਾ ਦਾ ਫੈਸਲਾ ਹੋ ਚੁੱਕਿਆ ਹੈ ਤਾਂ ਉਸਨੂੰ ਅੱਗੇ ਵਧਾਉਣ ਦੀ ਬਜਾਏ ਨਵੇਂ ਸਿਰ ਤੋਂ ਆਦੇਸ਼ ਕਰਨਾ ਕਿਵੇਂ ਜਾਇਜ਼ ? ਇਸ ਵੇਲੇ ਜੋ ਸੱਤ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਸੀ ।ਜਿਸ ਦੇ ਪੰਜ ਮੈਂਬਰ ਅਕਾਲ ਤਖ਼ਤ ਸਾਹਿਬ ਦੇ ਨਾਮ ਮੈਂਬਰਸ਼ਿਪ ਕਰ ਰਹੇ ਹਨ ਉਸ ਕਮੇਟੀ ਦੇ ਕੁੱਝ ਮੈਂਬਰ ਸਿੱਖ ਰਹਿਤ ਅਨੁਸਾਰ ਸਿੱਖ ਦੀ ਰਹਿਣੀ ਤੇ ਪੂਰੇ ਨਹੀਂ ਉੱਤਰ ਰਹੇ ਤੇ ਗੈਰ ਅਮ੍ਰਿੰਤਧਾਰੀ ਵੀ ਹਨ ।ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਕਮੇਟੀ ਵਿੱਚ ਗੈਰ ਅਮ੍ਰਿੰਤਧਾਰੀ ਬੰਦੇ ਕਿਸ ਤਰ੍ਹਾਂ ਸ਼ਾਮਲ ਹੋ ਸਕਦੇ ਹਨ ? ਏਨਾ ਹੀ ਨਹੀਂ ਇਹਨਾਂ ਲੋਕਾਂ ਵੱਲੋਂ ਆਪਣੇ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਥਾਪੜਾ ਪ੍ਰਾਪਤ ਇੱਕੋ ਇੱਕ ਧਿਰ ਵਜੋਂ ਪ੍ਰਚਾਰਿਆ ਜਾ ਰਿਹਾ ਹੈ ।ਜੋ ਕਿ ਸਰਾਸਰ ਗਲਤ ਹੈ ।ਅਖੀਰ ਵਿੱਚ ਉਹਨਾਂ ਨੇ ਕਿਹਾ ਕਿ ਅਕਾਲ ਤਖਤ ਜਥੇਦਾਰ ਕੌਣ ਹੋ ਸਕਦਾ ਹੈ ਤੇ ਉਸ ਨੂੰ ਕਿਵੇਂ ਲਾਇਆ ਜਾਂਦਾ ਹੈ ਤੇ ਉਹ ਫੈਸਲੇ ਕਿਵੇਂ ਕਰਦਾ ਹੈ। ਇਸ ਗੱਲ ਦਾ ਵਿਧੀ ਵਿਧਾਨ ਜੋ ਗੁਰਬਾਣੀ ਵਿੱਚ ਅਤੇ ਸਾਡੇ ਇਤਿਹਾਸ ਵਿੱਚ ਹੈ ।ਉਸ ਨੂੰ ਧਿਆਨ ਵਿੱਚ ਰੱਖ ਕਿ 01 ਮਈ 1994 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਅੰਮ੍ਰਿਤਸਰ ਐਲਾਨਨਾਮੇ ਦੀ ਰੌਸ਼ਨੀ ਵਿੱਚ ਪੰਥਕ ਏਕਤਾ ਦੀ ਗੱਲ ਨੂੰ ਅੱਗੇ ਤੋਰਨੀ ਚਾਹੀਦੀ ਹੈ ਤੇ ਉਸ ਤੋਂ ਪਹਿਲਾ ਸਾਨੂੰ ਸਾਰਿਆਂ ਨੂੰ ਅਕਾਲ ਤਖ਼ਤ ਸਾਹਿਬ ਦੀ ਪ੍ਰਭੁਸੱਤਾ ਨੂੰ ਅਜ਼ਾਦ ਕਰਵਾਉਂਣ ਲਈ ਇੱਕ ਜੁਟਤਾ ਦੇ ਨਾਲ ਸੱਚੇ ਅਕਾਲੀਆਂ ਦਾ ਇੱਕ ਧੁਰਾ ਕਾਇਮ ਕਰਨਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਐੱਸ. ਜੀ. ਐੱਨ. ਇੰਟਰਨੈਸ਼ਨਲ ਸਕੂਲ ਦੀਵਾਨਾਂ ਵੱਲੋਂ

# ਨਵੇਂ ਸੈਸ਼ਨ ਦੀ ਸ਼ੁਰਆਤ ਮੌਕੇ ਫ਼ਰੈਸ਼ਰ ਪਾਰਟੀ ਕਰਵਾਈ ਗਈ







ਬਰਨਾਲਾ (ਵਰਿਆਮ ਹਠੂਰ) ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਫ਼ਰੈਸ਼ਰ ਪਾਰਟੀ ਕਰਵਾਈ ਗਈ ਜਿਸ ਵਿੱਚ ਸਕੂਲ ਵਿੱਚ ਨਵੇਂ ਆਏ ਬੱਚਿਆਂ ਦਾ ਸਵਾਗਤ ਕੀਤਾ ਗਿਆ, ਸੰਸਥਾ ਦੇ ਪ੍ਰਿੰਸੀਪਲ ਸ. ਮੱਖਣ ਸਿੰਘ ਦੀਵਾਨਾ, ਕੁਲਜੀਤ ਸਿੰਘ ਦੀਵਾਨਾ ਅਤੇ ਸਮੂਹ ਸਟਾਫ਼ ਨੇ ਬੱਚਿਆਂ ਨੂੰ ਨਵੇਂ ਸੈਸ਼ਨ ਵਿੱਚ ਨਵੀਂ ਕਲਾਸ ਵਿੱਚ ਆਉਣ ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਜੋ ਬੱਚਿਆਂ ਨੇ ਸਕੂਲ ਵਿੱਚ ਇਸ ਸਾਲ ਦਾਖ਼ਲਾ ਲਿਆ ਹੈ ਉਹਨਾਂ ਨੂੰ ਸਕੂਲ ਵਿੱਚ ਚਾਕਲੇਟ, ਟਾਫੀਆਂ ਤੇ ਬਿਸਕੁਟ ਵੰਡੇ ਗਏ। ਬੱਚਿਆਂ ਨੇ ਝੂਲਿਆਂ ਤੇ ਖੇਡ ਕੇ ਖੂਬ ਮਸਤੀ ਕੀਤੀ। ਇਸ ਮੌਕੇ ਸਕੂਲ ਸਟਾਫ਼ ਨੇ ਬੱਚਿਆਂ ਨੂੰ ਨਵੀਆਂ ਮਿਲੀਆਂ ਕਿਤਾਬਾਂ ਅਤੇ ਸਕੂਲ ਡਾਇਰੀ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬੱਚੇ ਸਕੂਲ ਦੀ ਨੀਂਹ ਹੁੰਦੇ ਹਨ ਉਨ੍ਹਾਂ ਨੇ ਨਵੇਂ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਬੱਚਿਆਂ ਨੂੰ ਪੜ੍ਹਾਈ ਵਿੱਚ ਧਿਆਨ ਦੇਣ ਦੇ ਨਾਲ - ਨਾਲ ਵਿਸ਼ੇਸ਼ ਤੌਰ ਤੇ ਖੇਡਾਂ, ਕਲਾ ਦੇ ਖੇਤਰ ਵੱਲ ਵੀ ਵਿਸ਼ੇਸ਼ ਧਿਆਨ ਦੇਣ ਲਈ ਵੀ ਕਿਹਾ ਅਤੇ ਹਰ ਗਤੀਵਿਧੀਆਂ ਮੁਕਾਬਲੇ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਪ੍ਰੀਤ ਕਲੀਨਿਕ ਐਂਡ ਲੈਬੋਰਟਰੀ ਚੌਕ ਮਹਿਤਾ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ



**ਬਾਬਾ ਸੁਖਵੰਤ ਸਿੰਘ ਚੰਨਣਕੇ, ਚੌਕ ਮਹਿਤਾ 7 ਅਪ੍ਰੈਲ**-ਡਾ, ਜਸਵੰਤ ਸਿੰਘ ਚੀਨਾ ਬੀ ਏ ਐਮ ਐਸ ਡਾ, ਹਰਮਨਪ੍ਰੀਤ ਸਿੰਘ ਚੌਕ ਮਹਿਤਾ ਵਾਲਿਆਂ ਦੀ ਅਗਵਾਈ ਹੇਠ ਮੈਡੀਕਲ ਕੈਂਪ ਮੁਫ਼ਤ ਪ੍ਰੀਤ ਕਲੀਨਿਕ ਐਂਡ ਲੈਬੋਰਟਰੀ ਮੰਦਰ ਵਾਲੀ ਗਲੀ ਚੌਕ ਮਹਿਤਾ ਵਿੱਖੇ 6 ਅਪ੍ਰੈਲ 2025 ਦਿਨ ਐਤਵਾਰ ਨੂੰ ਮੁਫ਼ਤ ਕੈਪ ਲਗਾਇਆ ਗਿਆ,ਜਿਸ ਵਿੱਚ ਹੱਡੀਆਂ ਅਤੇ ਜਨਾਨਾ ਰੋਗਾ ਦੀ ਡਾਕਟਰਾਂ ਦੀ ਮਾਹਰ ਟੀਮ ਨੇ ਮਰੀਜ਼ਾਂ ਦੀ ਚੈਕਅੱਪ ਕਰਕੇ ਮੁਫ਼ਤ ਦਿਵਾਈਆ ਅਤੇ ਮੁਫ਼ਤ ਟੈਸਟ ਕੀਤੇ ਗਏ। ਮਰੀਜ਼ਾਂ ਲਈ ਸੂਗਰ, ਯਿਊਰਿਕ, ਐਸਿਡ, ਕੈਲਸ਼ੀਅਮ, ਖ਼ੂਨ ਸੰਘਣੇ ਦੇ ਟੈਸਟ ਮੁਫ਼ਤ ਕੀਤੇ ਜਾਣਗੇ। ਗਠੀਏ ਸੰਬੰਧੀ ਸਮੱਸਿਆਵਾਂ ਦੇ ਹਰ ਤਰ੍ਹਾਂ ਦੇ ਜੋੜਾ ਦੇ ਅਪੈਰਸਨ ਤੇ ਟੁੱਟੀਆਂ ਹੱਡੀਆਂ ਦਾ ਇਲਾਜ਼ ਚੂਲਾ ਅਤੇ ਗੋਡੇ ਬਹੁਤ ਹੀ ਘੱਟ ਰੇਟ ਵਿੱਚ ਬਦਲਾਉ ਰੀਡ ਦੀ ਹੱਡੀ ਦੀਆਂ ਸੱਟਾ, ਡਿਸਕ ਦੀਆਂ ਸਮੱਸਿਆਵਾਂ ਅਤੇ ਕੈਪ ਵਿੱਚ ਆਉਣ ਵਾਲੇ ਮਰੀਜਾਂ ਲਈ ਬੱਚੇਦਾਨੀ ਦਾ ਅਪਰੇਸ਼ਨ ਪਿੱਤੇ ਦਾ ਅਪਰੇਸ਼ਨ ਹਰਨੀਆਂ ਦਾ ਅਪਰੇਸ਼ਨ ਅਤੇ ਗੁਰਦੇ ਦੀ ਪੱਥਰੀ ਦਾ ਅਪਰੇਸ਼ਨ ਬਹੁਤ ਹੀ ਘੱਟ ਰੇਟਾ ਤੇ ਸਲਾਹ ਦਿੱਤੀ ਗਈ। ਇਸ ਮੌਕੇ ਤੇ ਵਡਾ, ਜਸਵੰਤ ਸਿੰਘ ਚੀਨਾ ਡਾ, ਹਰਮਨਪ੍ਰੀਤ ਸਿੰਘ , ਡਾ ਸੁਮਿਤ ਭਾਟੀਆ ਐਮ ਬੀ ਬੀ ਐਸ ਉਰਥੋ, ਡਾ, ਕੁਲਵਿੰਦਰ ਕੌਰ ਐਮ ਬੀ ਬੀ ਐਸ ਗਾਇਨੀ ਡਾ, ਲਵਪਰੀਤ ਸਿੰਘ, ਡਾ, ਹਰਮਨਪ੍ਰੀਤ ਸਿੰਘ, ਡਾ, ਹਰਜਿੰਦਰ ਸਿੰਘ, ਨਵਪ੍ਰੀਤ ਸਿੰਘ, ਐਡਵੋਕੇਟ ਲਵਪਰੀਤ ਕੌਰ, ਚਰਨਜੀਤ ਕੌਰ ਲੈਬ ਇੰਚਾਰਜ, ਅਰਸ਼ਦੀਪ ਕੌਰ ਲੈਬ ਟੈਕਨੀਸ਼ੀਅਨ, ਲਵਪਰੀਤ ਕੌਰ ਲੈਬ ਟੈਕਨੀਸ਼ੀਅਨ, ਅਕਾਸਦੀਪ ਸਿੰਘ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਈ ਟੀ ਓ ਵੱਲੋਂ ਰੁਮਾਣਾ ਚੱਕ ਵਿਖੇ 2.36 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਟੇਡੀਅਮ ਅਤੇ ਸੜਕਾਂ ਦੀ ਸ਼ੁਰੂਆਤ



**ਜੰਡਿਆਲਾ ਗੁਰੂ, 7 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)**-ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਪਿੰਡ ਰੁਮਾਣਾ ਚੱਕ ਵਿਖੇ 2.36 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਤੇ ਸਟੇਡੀਅਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਵਿਚ ਖੇਡਾਂ ਦਾ ਮਾਹੌਲ ਸਿਰਜਣ ਲਈ ਪਿੰਡ ਪਿੰਡ ਖੇਡ ਮੈਦਾਨ ਬਣਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਸਪੈਸ਼ਲ ਅਸਿਸਟੈਂਸ ਸਕੀਮ ਅਧੀਨ ਰੁਮਾਣਾ ਚੱਕ ਪਿੰਡ ਵਿੱਚ ਇੰਟਰਲੋਕ ਸੜਕਾਂ ਦੀ ਉਸਾਰੀ ਦਾ ਕੰਮ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਹ ਕਾਰਜ ਸਬੰਧਤ ਠੇਕੇਦਾਰ ਨੂੰ ਅਲਾਟ ਹੋ ਚੁੱਕਾ ਅਤੇ ਇਸ ਕੰਮ ਨੂੰ 6 ਮਹੀਨੇ ਦੀ ਸਮਾਂ ਸੀਮਾਂ ਵਿੱਚ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।ਇਸ ਤੋਂ ਇਲਾਵਾ 199.24 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਰਮਾਣਾ ਚੱਕ ਵਿਖੇ ਸਟੇਡੀਮਅ ਦੀ ਉਸਾਰੀ ਦਾ ਕੰਮ ਵੀ ਕਰਵਾਇਆ ਜਾਵੇਗਾ।ਉਕਤ ਸਟੇਡੀਅਮ ਦਾ ਕੰਮ ਪੀ.ਆਈ.ਡੀ.ਬੀ. ਫੰਡਾਂ ਵਿਚੋਂ ਕਰਵਾਇਆ ਜਾਵੇਗਾ। ਇਸ ਕੰਮ ਦਾ ਟੈਂਡਰ ਪ੍ਰੋਸੈਸ ਮੁਕੰਮਲ ਹੋਣ ਤੇ ਉਸਾਰੀ ਦਾ ਕੰਮ ਦਾ ਸ਼ੁਰੂ ਕਰ ਦਿੱਤਾ ਜਾਵੇਗਾ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹਨਾਂ ਸੜਕਾਂ ਦੀ ਉਸਾਰੀ ਹੋਣ ਨਾਲ ਇਥੋਂ ਦੇ ਵਸਨੀਕਾਂ ਨੂੰ ਆਵਾਜਾਈ ਵਿਚ ਕਾਫੀ ਰਾਹਤ ਮਿਲੇਗੀ।ਉਹਨਾਂ ਦੱਸਿਆ ਕਿ ਇਸ ਕਾਰਜ ਨੂੰ ਸਮੇਂ-ਸਿਰ ਮੁਕੰਮਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।ਉਹਨਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਖੇਡ ਸਟੇਡੀਅਮਾਂ ਦਾ ਹਿੱਸਾ ਬਣਾਉਣ ਤਾਂ ਜੋ ਉਹਨਾਂ ਦੇ ਬੱਚੇ ਸਰੀਰ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਰਹਿਣ, ਨਸ਼ਿਆਂ ਤੋਂ ਦੂਰ ਰਹਿਣ ਅਤੇ ਦੇਸ਼ ਦਾ ਭਵਿੱਖ ਬਣਨ।ਉਹਨਾਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਵਿੱਚ ਸਹੂਲਤਾਂ ਅਤੇ ਸਫਾਈ ਦੇ ਪ੍ਰਬੰਧ ਵੱਲ ਵਿਸ਼ੇਸ਼ ਧਿਆਨ ਇਸ ਸਾਲ ਦਿੱਤਾ ਜਾਵੇਗਾ ਸੋ ਸਾਰੇ ਪਿੰਡ ਵਾਸੀ ਇਹਨਾਂ ਕੰਮਾਂ ਉੱਤੇ ਸਰਕਾਰ ਦਾ ਸਾਥ ਦੇਣ ਅਤੇ ਆਪਣੇ ਪਿੰਡਾਂ ਨੂੰ ਖ਼ੂਬਸੂਰਤ ਬਣਾਉਣ।

ਆਵਾਜ਼ਿ ਕੌਮ AWAZE QAUM International Newspaper & WEB TV

**ਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਡਾ: ਅਟਵਾਲ ਦੀ ਯਾਦ ਨੂੰ ਸਮਰਪਿਤ ਸਾਹਿਤਕ ਸਮਾਗਮ**

# ਮੱਖਣ ਭੈਣੀਵਾਲਾ ਦੇ ਸਭਿਆਚਾਰਕ ਗੀਤ 'ਨੀਤਾਂ ਰੱਖੀਏ ਸਾਫ' ਦਾ ਪੋਸਟਰ ਰਲੀਜ਼



**ਚੌਕ ਮਹਿਤਾ,7 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬੀ ਜ਼ੁਬਾਨ ਦੇ ਮਰਹੂਮ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ: ਹਰਜਿੰਦਰ ਸਿੰਘ ਅਟਵਾਲ ਦੀ ਯਾਦ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਮੀਟਿੰਗ ਹਾਲ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ।ਇਸ ਮੌਕੇ ਸ: ਹਰਬੰਸ ਸਿੰਘ ਸਿੱਧੂ (ਅਮਰੀਕਾ) ਮੁੱਖ ਮਹਿਮਾਨ ਵਜੋਂ ਪੁਜੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲੰਦਿਰਜੀਤ ਸਿੰਘ ਰਾਜਨ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਭਾਈ ਸ਼ੇਰ ਸਿੰਘ ਮੀਤ ਮੈਨੇਜਰ ਗੁ: ਨੌਵੀਂ ਪਾਤਸ਼ਾਹੀ, ਸੁਖਦੇਵ ਸਿੰਘ ਭੁੱਲਰ ਸਾ: ਸੀਨੀਅਰ ਮੈਂਬਰ ਪੰਜਾਬ ਸਕੂਲ ਸਿਖਿਆ ਬੋਰਡ, ਪ੍ਰਿੰਸੀਪਲ ਨਿਰਮਲ ਸਿੰਘ ਸਿੱਧੂ (ਸੇਂਟ ਸੋਲਜ਼ਰ ਸਕੂਲ), ਗਿਆਨੀ ਗੁਲਜ਼ਾਰ ਸਿੰਘ ਖੇੜਾ (ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ), ਸ਼ਾਇਰ ਅਸ਼ੋਕ ਟਾਂਡੀ, ਸਭਾ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪਧਾਨ ਸੰਤੋਖ ਸਿੰਘ ਗੁਰਾਇਆ ਆਦਿ ਸ਼ੁਸ਼ੋਭਿਤ ਹੋਏ । ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਜਿੱਥੇ ਉਕਤ ਦੋਵੇਂ ਹੀ ਮਹਾਨ ਸਾਹਿਤਕਾਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਨੂੰ ਯਾਦ ਕੀਤਾ, ਉਥੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ ਗਈ ਅਤੇ ਇਸਨੂੰ ਸਾਹਿਤ ਜਗਤ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ।ਇਸ ਮੌਕੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਨਾਮਵਰ ਗਾਇਕ ਮੱਖਣ ਭੈਣੀਵਾਲਾ ਦੇ ਨਵੇਂ ਸਭਿਆਚਾਰਕ ਅਤੇ ਸਾਹਿਤਕ ਗੀਤ ਦਾ ਪੋਸਟਰ "ਨੀਤਾਂ ਰੱਖੀਏ ਸਾਫ" ਨੂੰ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਰਲੀਜ਼ ਕੀਤਾ ਗਿਆ । ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ (ਮਹਿਲਾ ਵਿੰਗ) ਦੀ ਪ੍ਰਧਾਨ ਮੈਡਮ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਰਾਜਿੰਦਰ ਕੌਰ ਟਕਾਪੁਰ, ਗੁਰਨਾਮ ਕੌਰ ਬੱਲ, ਅਵਤਾਰ ਸਿੰਘ ਗੋਇੰਦਵਾਲੀਆ, ਨਵਦੀਪ ਸਿੰਘ ਬਦੇਸ਼ਾ, ਜਗਦੀਸ਼ ਸਿੰਘ ਬਮਰਾਹ, ਦਵਿੰਦਰ ਸਿੰਘ ਕਾਲੇ ਸ਼ਾਹ ਟਾਂਗਰਾ, ਲਸ਼ਮਣ ਸਿੰਘ, ਸਕੱਤਰ ਸਿੰਘ ਪੁਰੇਵਾਲ, ਬਲਵਿੰਦਰ ਸਿੰਘ ਅਠੌਲਾ, ਬਲਬੀਰ ਸਿੰਘ ਬੀਰ ਬੋਲੇਵਾਲੀਆ, ਅਜੀਤ ਸਿੰਘ ਸਠਿਆਲਵੀ, ਲਖਵਿੰਦਰ ਸਿੰਘ ਨੌਰੰਗਪੁਰੀ, ਸਰਬਜੀਤ ਸਿੰਘ ਪੱਡਾ ਆਦਿ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

**ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ**

# ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਹੁਨਰ ਕੇਂਦਰ ਸਥਾਪਤ ਕਰਨਗੇ

**ਨਵੀਂ ਦਿੱਲੀ 7 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:- ਨਸ਼ੇ ਦੀ ਲਾਹਨਤ ਨਾਲ ਲੜਨ ਅਤੇ ਪੰਜਾਬ ਵਿੱਚ ਨੌਜਵਾਨਾਂ ਦੇ ਪੁਨਰਵਾਸ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਵਜੋਂ, ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਅੰਮ੍ਰਿਤਸਰ ਵਿੱਚ ਸਵਾਮੀ ਵਿਵੇਕਾਨੰਦ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਦਾ ਦੌਰਾ ਕੀਤਾ। ਰਾਜਪਾਲ ਇਸ ਸਮੇਂ 'ਯੁੱਧ ਨਸ਼ਿਆ ਵਿਰੁੱਧ ਪਦ ਯਾਤਰਾ' (ਨਸ਼ਿਆਂ ਵਿਰੁੱਧ ਯੁੱਧ) ਸਿਰਲੇਖ ਵਾਲੀ 8-ਦਿਨਾਂ ਵਾਕਾਥੌਨ ਕਰ ਰਹੇ ਹਨ, ਜਿਸ ਵਿੱਚ ਰਾਜ ਭਰ ਵਿੱਚ ਨਸ਼ਿਆਂ ਦੀ ਦੁਰਵਰਤੋਂ ਨੂੰ ਖਤਮ ਕਰਨ ਦੀ ਫੌਰੀ ਲੋੜ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ। ਆਪਣੇ ਵਾਕਾਥੌਨ ਦੇ ਆਖ਼ਰੀ ਤੋਂ ਪਹਿਲੇ ਦਿਨ ਉਨ੍ਹਾਂ ਨੇ ਸੰਨ ਫਾਊਂਡੇਸ਼ਨ ਦੁਆਰਾ ਚਲਾਏ ਜਾ ਰਹੇ ਹੁਨਰ ਕੇਂਦਰ ਦਾ ਜਾਇਜ਼ਾ ਲਿਆ ਜੋ ਨਸ਼ਿਆਂ ਤੋ ਮੁਕਤ ਹੋਏ ਨੌਜਵਾਨਾਂ ਲਈ ਕਿੱਤਾਮੁਖੀ ਸਿਖਲਾਈ ਅਤੇ ਨੌਕਰੀਆਂ ਪ੍ਰਦਾਨ ਕਰਦਾ ਹੈ। ਸੰਪੂਰਨ ਪੁਨਰਵਾਸ ਮਾਡਲ ਤੋਂ ਪ੍ਰਭਾਵਿਤ ਹੋ ਕੇ, ਸ਼੍ਰੀ ਕਟਾਰੀਆ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਕਿਹਾ, "ਸਾਡੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਨਾ ਕਾਫ਼ੀ ਨਹੀਂ ਹੈ, ਸਗੋਂ ਹੁਨਰ ਵਿਕਾਸ ਅਤੇ ਟਿਕਾਊ ਰੁਜ਼ਗਾਰ ਰਾਹੀਂ ਉਨ੍ਹਾਂ ਦਾ ਪੁਨਰਵਾਸ ਵੀ ਓਨਾ ਹੀ ਮਹੱਤਵਪੂਰਨ ਹੈ। ਸੰਨ ਫਾਊਂਡੇਸ਼ਨ ਦੇ ਨਸ਼ਾ ਛੁਡਾਊ ਕੇਂਦਰ ਨੂੰ ਰੋਜ਼ੀ-ਰੋਟੀ ਦੇ ਮੌਕਿਆਂ ਨਾਲ ਜੋੜਨ ਦਾ ਮਾਡਲ ਇੱਕ ਸ਼ਲਾਘਾਯੋਗ ਅਤੇ ਅਤਿ ਜ਼ਰੂਰੀ ਹੰਭਲਾ ਹੈ।÷ ਰਾਜਪਾਲ ਨੇ ਪਲੰਬਿੰਗ, ਕਮਿਸ ਸ਼ੈੱਫ, ਇਲੈਕਟ੍ਰੀਸ਼ੀਅਨ ਅਤੇ ਕੰਪਿਊਟਰ ਸਿਖਲਾਈ ਲੈਬਾਂ ਸਮੇਤ ਵੱਖ-ਵੱਖ ਕਿੱਤਾਮੁਖੀ ਪ੍ਰਯੋਗਸ਼ਾਲਾਵਾਂ ਦਾ ਵੀ ਦੌਰਾ ਕੀਤਾ ਅਤੇ ਸਫਲਤਾਪੂਰਵਕ ਮੁੜ ਵਸੇਬਾ ਹੋਏ ਨੌਜਵਾਨਾਂ ਨਾਲ ਗੱਲਬਾਤ ਵੀ ਕੀਤੀ ਜੋ ਹੁਣ ਸਮਾਜ ਵਿੱਚ ਅਰਥਪੂਰਨ ਯੋਗਦਾਨ ਪਾ ਰਹੇ ਹਨ। ਰਾਜਪਾਲ ਵੱਲੋਂ ਪੰਜਾਬ ਦੀ ਸਰਹੱਦੀ ਪੱਟੀ ਵਿੱਚ ਅਜਿਹੇ ਯਤਨਾਂ ਨੂੰ ਵਧਾਉਣ ਦੀ ਅਪੀਲ ਦਾ ਹੁੰਗਾਰਾ ਦਿੰਦੇ ਹੋਏ, ਸੰਸਦ ਮੈਂਬਰ, ਰਾਜ ਸਭਾ ਡਾ. ਵਿਕਰਮਜੀਤ ਸਿੰਘ ਸਾਹਨੀ, ਜੋ ਕਿ ਸੰਨ ਫਾਊਂਡੇਸ਼ਨ ਦੇ ਚੇਅਰਮੈਨ ਹਨ, ਨੇ ਇਸ ਖੇਤਰ ਵਿੱਚ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਕਈ ਹੁਨਰ ਕੇਂਦਰਾਂ ਦੀ ਸਥਾਪਨਾ ਦਾ ਐਲਾਨ ਕੀਤਾ। ਡਾ. ਸਾਹਨੀ ਨੇ ਕਿਹਾ ਕਿ ਸਰਹੱਦੀ ਜ਼ਿਲ੍ਹੇ ਨਸ਼ਿਆਂ ਦੀ ਘੁਸਪੈਠ ਅਤੇ ਨੌਜਵਾਨਾਂ 'ਤੇ ਇਸ ਦੇ ਮਾੜੇ ਪ੍ਰਭਾਵਾਂ ਲਈ ਖਾਸ ਤੌਰ 'ਤੇ ਪ੍ਰਭਾਵੀ ਖੇਤਰ ਹਨ। ਇਨ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਯੋਗ ਹੁਨਰ ਅਤੇ ਸਨਮਾਨਜਨਕ ਨੌਕਰੀ ਦੇ ਮੌਕੇ ਪ੍ਰਦਾਨ ਕਰਨਾ ਲੰਬੇ ਸਮੇਂ ਦੇ ਸਮਾਜਿਕ ਸੁਧਾਰ ਦੀ ਕੁੰਜੀ ਹੈ। ਡਾ. ਸਾਹਨੀ ਨੇ ਨਸ਼ਿਆਂ ਵਿਰੁੱਧ ਲੜਾਈ ਪ੍ਰਤੀ ਰਾਜਪਾਲ ਦੀ ਅਟੁੱਟ ਵਚਨਬੱਧਤਾ ਦੀ ਵੀ ਸ਼ਲਾਘਾ ਕੀਤੀ ਅਤੇ ਸੰਨ ਫਾਊਂਡੇਸ਼ਨ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਨਵੇਂ ਹੁਨਰ ਕੇਂਦਰ ਸਥਾਪਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਇੱਕ ਹਫ਼ਤੇ ਦੇ ਅੰਦਰ ਢੁਕਵੇਂ ਪਿੰਡਾਂ ਦੀ ਪਛਾਣ ਕਰਨ ਦੀ ਅਪੀਲ ਕੀਤੀ। ਉਨ੍ਹਾਂ ਅੱਗੇ ਕਿਹਾ, "ਅਸੀਂ ਪੰਜਾਬ ਦੀ ਸਰਹੱਦੀ ਪੱਟੀ ਨੂੰ ਹੁਨਰਮੰਦ, ਸਵੈ-ਨਿਰਭਰ ਨੌਜਵਾਨਾਂ ਦੇ ਕੇਂਦਰ ਵਿੱਚ ਬਦਲਣ ਲਈ ਦ੍ਰਿੜ ਹਾਂ ਤਾ ਜੋ ਇਹ ਇੱਕ ਮਿਸਾਲ ਬਣ ਸਕਨ।



ਆਵਾਜ਼ਿ ਕੌਮ AWAZE QAUM International Newspaper & WEB TV

# ਟਰੱਸਟ ਸਦਾਵਰਤ ਪੰਚਾਇਤੀ ਵੱਲੋਂ 101 ਗਰੀਬ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ

**ਫ਼ਿਰੋਜ਼ਪੁਰ, 7 ਅਪ੍ਰੈਲ (ਮਨੋਹਰ ਲਾਲ)** :— ਟਰੱਸਟ ਸਦਾਵਰਤ ਪੰਚਾਇਤੀ ਵੱਲੋਂ 101 ਗਰੀਬ ਲੋੜਵੰਦ, ਵਿਧਵਾਵਾਂ ਨੂੰ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਟਰੱਸਟ ਸਦਾਵਰਤ ਪੰਚਾਇਤੀ ਦੇ ਅਹੁਦੇਦਾਰ ਜਿਸ ਵਿਚ ਸ੍ਰੀ ਪੀ.ਸੀ ਕੁਮਾਰ, ਡੀ.ਕੇ ਬਜਾਜ, ਓਮ ਪ੍ਰਕਾਸ਼ ਕੈਸ਼ੀਅਰ, ਰਜਨੀਸ਼ ਕਪੂਰ, ਮਿਨੂ ਕਪੂਰ, ਮਦਨ ਲਾਲ ਹਾਜ਼ਰ ਸਨ। ਇਸ ਮੌਕੇ ਤੇ ਸਭ ਤੋਂ ਪਹਿਲਾਂ ਪ੍ਰਮਾਤਮਾ ਅੱਗੇ ਸ੍ਰੀ ਪੀ.ਸੀ ਕੁਮਾਰ, ਓਮ ਪ੍ਰਕਾਸ਼., ਰਜਨੀਸ਼ ਕਪੂਰ ਨੇ ਅਰਦਾਸ ਬੇਨਤੀ ਕੀਤੀ ਕਿ ਹੇ ਪ੍ਰਮਾਤਮਾ ਉਨ੍ਹਾਂ ਦਾ ਸਵਰਗ ਵਿਚ ਭਲਾ ਕਰਨਾ ਜਿਨ੍ਹਾਂ ਨੇ ਇਹ ਟਰੱਸਟ 1914 ਉਦੋ ਬਣਾਇਆ ਸੀ, ਜਦੋਂ ਅਕਾਲ ਪਿਆ ਹੋਇਆ ਸੀ, ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਸੀ ਅਤੇ ਲੋਕ ਭੁੱਖ ਨਾਲ ਮਰਰ ਹੇ ਸਨ ਤਾਂ ਕੁਝ ਦਾਨੀ ਸੱਜਣ ਇਕੱਠੇ ਹੋ ਕੇ ਅਤੇ ਆਪਣੀਆਂ ਜਮੀਨਾਂ ਜਾਇਦਾਦਾਂ, ਟਰੱਸਟ ਦੇ ਨਾਮ ਲੁਆਈਆਂ ਅਤੇ ਟਰੱਸਟ ਸਦਾਵਰਤ ਪੰਚਾਇਤੀ ਬਣਾਇਆ। ਉਨ੍ਹਾਂ ਮਹਾਨ ਆਤਮਾਵਾਂ ਦਾ ਅਸੀਂ ਨਮਨ ਕਰਦੇ ਹਾਂ। ਇਸ ਮੌਕੇ ਤੇ ਸ੍ਰੀ ਓਮ ਪ੍ਰਕਾਸ਼ ਕਟਾਰੀਆ ਨੇ ਬੋਲਦਿਆਂ ਕਿਹਾ ਕਿ ਇਹ ਟਰੱਸਟ ਸਮੇਂ—ਸਮੇਂ ਤੇ ਲੋੜਵੰਦ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮੱਦਦ ਕਰਦਾ ਹੈ। ਇਸ ਮੌਕੇ ਤੇ ਸ੍ਰੀ ਰਜਨੀਸ਼ ਕਪੂਰ ਨੇ ਬੋਲਦਿਆਂ ਕਿਹਾ ਕਿ ਸਾਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਇਨ੍ਹਾਂ ਗਰੀਬ, ਲੋੜਵੰਦ ਪਰਿਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਸ੍ਰੀਮਤੀ ਮਿਨੂ ਕਪੂਰ ਨੇ ਬੋਲਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਇਕ ਸੱਚੀ—ਸੁੱਚੀ ਸੇਵਾ ਹੈ, ਸਾਨੂੰ ਇਨ੍ਹਾਂ ਲੋੜਵੰਦ ਪਰਿਵਾਰਾਂ ਦੇ ਬੱਚੇ ਅਤੇ ਬੱਜੀਆਂ ਦੀਆਂ ਫੀਸਾਂ, ਕਿਤਾਬਾਂ, ਕਾਪੀਆਂ ਅਤੇ ਪੜਾਈ ਦਾ ਸਮਾਨ ਦੇਣਾ ਚਾਹੀਦਾ ਹੈ ਤਾਂ ਜ਼ੋ ਗਰੀਬ ਪਰਿਵਾਰਾਂ ਦੇ ਬੱਚੇ ਜਿਆਦਾ ਤੋਂ ਜਿਆਦਾ ਪੜ੍ਹ ਸਕਣ।



ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਦੀ ਭਗਵੰਤ ਮਾਨ ਸਰਕਾਰ ਅਤੇ ਸੈਂਟਰ ਦੀ ਮੋਦੀ ਸਰਕਾਰ ਅੰਗਹੀਣਾਂ ਵੱਲ ਧਿਆਨ ਦੇਵੇ : ਜੋਰਾ ਸਿੰਘ ਰਸੂਲਪੁਰ



**ਜਗਰਾਉਂ -(ਵਰਿਆਮ ਹਠੂਰ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਸੱਤਾ ਵਿੱਚ ਲਿਆਉਣ ਲਈ ਪੰਜਾਬ ਦੇ ਲੋਕਾਂ ਨੇ ਦਿਲ ਤੋਂ ਵੋਟ ਕੀਤੀ ਤੇ 92 ਐੱਮ ਐੱਲ ਏ ਜਿਤਾ ਕੇ ਵੱਖਰਾ ਇਤਿਹਾਸ ਰਚਿਆ, ਸਰਕਾਰ ਕੋਈ ਵੀ ਹੋਵੇ ਅੰਗਹੀਣਾਂ ਨੂੰ ਸਰਕਾਰ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ ਕਿ ਸਰਕਾਰ ਉਨ੍ਹਾਂ ਲਈ ਕੁੱਝ ਸੋਚੇਗੀ ਪਰ ਮੌਜੂਦਾ ਪੰਜਾਬ ਸਰਕਾਰ ਨੇ ਅੰਗਹੀਣਾਂ ਲਈ ਵੀ ਕੁਝ ਨਹੀਂ ਸੋਚਿਆ, ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜੋਰਾ ਸਿੰਘ ਰਸੂਲਪੁਰ ਨੇ ਖ਼ਾਸ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਅੰਗਹੀਣਾਂ ਦੀ ਪੈਨਸ਼ਨ ਮਾਤਰ ਸਿਰਫ 1500 ਰੁਪਏ ਹੈਂ। ਜਿਸ ਨਾਲ ਅੰਗਹੀਣ ਵਿਅਕਤੀ ਦਾ ਗੁਜ਼ਾਰਾ ਹੋਣਾ ਮੁਸ਼ਿਕਲ ਹੈ। ਉਨ੍ਹਾਂ ਕਿਹਾ ਕਿ ਅੰਤਾਂ ਦੀ ਮਹਿੰਗਾਈ ਨੇ ਆਮ ਵਰਗ ਦਾ ਲੱਕ ਤੋੜ ਰੱਖਿਆ ਹੈ। ਉਨ੍ਹਾਂ ਪੰਜਾਬ ਦੀ ਮੌਜੂਦਾ ਸਰਕਾਰ ਅਤੇ ਸੈਂਟਰ ਦੀ ਮੋਦੀ ਸਰਕਾਰ ਨੂੰ ਅਪੀਲ ਕੀਤੀ ਹੈ। ਕਿ ਅੰਗਹੀਣਾਂ ਦੀਆਂ ਪੈਨਸ਼ਨਾਂ ਵਿੱਚ ਵਾਧਾ ਕੀਤਾ ਜਾਵੇ ਕਿਉਂਕਿ ਜ਼ਿਆਦਾਤਰ ਅੰਗਹੀਣ ਅਜਿਹੇ ਵੀ ਹਨ ਕੋਈ ਕੰਮ ਨਹੀਂ ਕਰ ਸਕਦੇ ਤੇ ਉਨ੍ਹਾਂ ਦਾ ਗੁਜ਼ਾਰਾ ਹੋਣਾ ਮੁਸ਼ਿਕਲ ਹੈ। ਤੇ ਉਹ ਮਜ਼ਬੂਰਨ ਕਿਸੇ ਨਾ ਕਿਸੇ ਤਰੀਕੇ ਨਾਲ਼ ਰੋਟੀ ਦਾ ਹੀਲਾ ਵਸੀਲਾ ਕਰਦੇ ਹਨ। ਅੰਤ ਵਿੱਚ ਉਨ੍ਹਾਂ ਕਿਹਾ ਕਿ ਪਹਿਲ ਦੇ ਆਧਾਰ ਤੇ ਅੰਗਹੀਣਾਂ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਉਨ੍ਹਾਂ ਦਾ ਸਹੀ ਢੰਗ ਨਾਲ ਗੁਜ਼ਾਰਾ ਹੋ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

# ਇੰਗਲੈਂਡ 'ਚ ਵਿਦੇਸ਼ੀ ਭਲਾਈ ਬਿੱਲ ਵਿੱਚ £6 ਬਿਲੀਅਨ ਦੇ ਲਾਭ ਕਟੌਤੀਆਂ ਬੰਦ ਹੋਣ ਦੀ ਸੰਭਾਵਨਾ

## ਘਰ ਬੈਠੇ ਪੌਂਡ ਲੈਣ ਵਾਲੇ ਪਾਕਿਸਤਾਨ ਦੂਜੇ ਤੇ ਭਾਰਤੀ ਪੰਜਵੇਂ ਨੰਬਰ ਦੇ ਲਾਭਕਾਰੀ

**ਲੰਡਨ, 7 ਅਪ੍ਰੈਲ (ਸਰਬਜੀਤ ਸਿੰਘ ਬਨੂੜ)** -ਦੁਨੀਆ ਵਿੱਚ ਫੈਲੀ ਕੋਰੋਨਾ ਮਹਾਮਾਰੀ 'ਤੇ ਜੰਗਾਂ ਯੁੱਧਾਂ ਵਿੱਚ ਸ਼ਮੂਲੀਅਤ ਤੋਂ ਬਾਦ ਆਰਥਿਕਤਾ ਦਾ ਸਾਹਮਣੇ ਕਰ ਰਹੇ ਇੰਗਲੈਂਡ ਵਿੱਚ ਲੋਕ ਲਾਭਾਂ ਤੇ ਵੱਡੇ ਕੱਟ ਲਾਉਣ ਦੀ ਸੰਭਾਵਨਾਵਾਂ ਤੋਂ ਬਾਦ ਬਰਤਾਨੀਆ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਦੁਆਰਾ ਵਿਦੇਸ਼ੀ ਭਲਾਈ ਬਿੱਲ ਵਿੱਚ £6 ਬਿਲੀਅਨ ਤੱਕ ਦੇ ਲਾਭ ਕਟੌਤੀਆਂ ਬੰਦ ਕਰਨ ਦੀ ਸੰਭਾਵਿਤ ਘੋਸ਼ਣਾ ਤੋਂ ਪਹਿਲਾਂ ਆਪਣੀ ਪ੍ਰਧਾਨ ਮੰਤਰੀ ਕੁਰਸੀ ਦੀ ਸਭ ਤੋਂ ਵੱਡੀ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਰਕਾਰੀ ਅੰਕੜਿਆਂ ਅਨੁਸਾਰ, 2023 ਵਿੱਚ 10 ਲੱਖ ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੇ ਲਾਭਾਂ ਦਾ ਦਾਅਵਾ ਕੀਤਾ, ਜਿਸ ਵਿੱਚ 200 ਕੌਮੀਅਤਾਂ ਵਿੱਚੋਂ , ਪੋਲੈਂਡ ਮੂਲ ਦੇ 89,040 ਦਾਅਵੇਦਾਰਾਂ ਦੀ ਸਭ ਤੋਂ ਵੱਡੀ ਗਿਣਤੀ ਸੀ, ਇਸ ਤੋਂ ਬਾਅਦ ਪਾਕਿਸਤਾਨ ਮੂਲ ਦੇ ਲੋਕ (85,881), ਬੰਗਲਾਦੇਸ਼ (54,589), ਰੋਮਾਨੀਆ (45,727) ਤੇ ਪੰਜਵਾਂ ਅਸਥਾਨ ਭਾਰਤ ਮੂਲ ਦੇ ਲਾਭ ਲੈਣ ਵਾਲੇ (33,561) ਲੋਕ ਹਨ ਜਿਸ ਵਿੱਚ ਹਰੇਕ ਪਰਿਵਾਰਾਂ ਨੂੰ ਯੂਨੀਵਰਸਲ ਕ੍ਰੈਡਿਟ ਵਿੱਚ ਰਾਹੀ £7.5 ਬਿਲੀਅਨ ਤੋਂ ਵੱਧ ਦੀ ਰਾਸ਼ੀ ਮਦਦ ਲਈ ਦਿੱਤੀ ਜਾਂਦੀ ਹੈ।2021 ਦੀ ਜਨਗਣਨਾ ਮੁਤਾਬਕ ਇੰਗਲੈਂਡ ਅਤੇ ਵੇਲਜ਼ ਵਿੱਚ 18 ਲੱਖ ਤੋਂ ਵੱਧ ਭਾਰਤੀ ਲੋਕ ਵੱਸਦੇ ਹਨ ਜੋ ਆਬਾਦੀ ਦਾ 3.1% ਦਰਸਾਉਂਦੇ ਹਨ ਤੇ ਸਰਕਾਰ ਤੋਂ ਲਾਭ ਲੈਣ ਵਾਲੇ 33 ਹਜ਼ਾਰ ਤੋਂ ਉੱਪਰ ਲੋਕ ਹਨ ਜਿਸ ਵਿੱਚ ਅਪਾਹਜ, ਨੌਕਰੀਆਂ ਤੋ ਵਾਂਝੇ ਲੋਕ ਹੋ ਸਕਦੇ ਹਨ। ਯੂਨੀਵਰਸਲ ਕ੍ਰੈਡਿਟ ਵਿੱਚ £6 ਬਿਲਿਅਨ ਪੌਂਡ ਦੇ ਕੱਟ ਤੋਂ ਬਾਅਦ ਬਰਤਾਨੀਆ ਸਿਆਸਤ ਵਿੱਚ ਵੱਡਾ ਭੂਚਾਲ ਆ ਗਿਆ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਦੀ ਕੁਰਸੀ ਨੂੰ ਵੀ ਖਤਰਾ ਪੈਦਾ ਹੋ ਗਿਆ। ਦਸ ਲੱਖ ਤੋਂ ਵੱਧ ਵਿਦੇਸ਼ੀ ਲਾਭਾਂ ਦਾ ਦਾਅਵਾ ਕਰ ਰਹੇ ਹਨ ਜੋ ਇਕ ਰਿਕਾਰਡ ਹੈ। ਗੈਰ-ਕਾਨੂੰਨੀ ਪ੍ਰਵਾਸੀ ਜਿਨ੍ਹਾਂ ਕੋਲ ਕੋਈ ਇਮੀਗ੍ਰੇਸ਼ਨ ਸਥਿਤੀ ਨਹੀਂ ਹੈ ਕੋਈ ਲਾਭ ਨਹੀਂ ਲੈ ਸਕਦੇ ਉਹ ਗ਼ੈਰਕਾਨੂੰਨੀ ਤਰੀਕੇ ਨਾਲ ਕੰਮ ਕਰਕੇ ਆਪਣਾ ਤੇ ਪਰਿਵਾਰ ਦਾ ਢਿੱਡ ਭਰਦੇ ਹਨ। ਵਿਦੇਸ਼ੀ ਨਾਗਰਿਕ ਬ੍ਰਿਟਿਸ਼ ਨਾਗਰਿਕਾਂ ਵਾਂਗ ਹੀ ਯੂਨੀਵਰਸਲ ਕ੍ਰੈਡਿਟ ਅਤੇ ਹੋਰ ਲਾਭਾਂ ਲਈ ਯੋਗ ਹੋ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਰਹਿਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੈਟਲ ਜਾਂ ਸ਼ਰਨਾਰਥੀ ਦਾ ਦਰਜਾ ਮਿਲ ਜਾਂਦਾ ਹੈ। 10 ਸਾਲਾਂ ਲਈ ਰਾਸ਼ਟਰੀ ਬੀਮਾ ਦਾ ਭੁਗਤਾਨ ਕਰਨ ਤੋਂ ਬਾਅਦ, ਉਹ ਰਾਜ ਪੈਨਸ਼ਨ ਦੇ ਵੀ ਹੱਕਦਾਰ ਬਣ ਜਾਂਦੇ ਹਨ। ਵਿਦੇਸ਼ੀ ਲਾਭ ਦੇ ਦਾਅਵਿਆਂ ਦੀ ਲਾਗਤ ਵਿੱਚ 100,000 ਤੋਂ ਵੱਧ ਸ਼ਰਣ ਮੰਗਣ ਵਾਲਿਆਂ ਦੇ ਬੈਕਲਾਗ ਨੂੰ ਪੂਰਾ ਕਰਨ ਅਤੇ ਸਹਾਇਤਾ ਕਰਨ ਲਈ £5.4 ਬਿਲੀਅਨ ਦਾ ਹੋਰ ਖਰਚ ਸ਼ਾਮਲ ਨਹੀਂ ਹੈ। ਗੈਰ-ਕਾਨੂੰਨੀ ਪ੍ਰਵਾਸੀ ਜਿਨ੍ਹਾਂ ਕੋਲ ਕੋਈ ਇਮੀਗ੍ਰੇਸ਼ਨ ਸਥਿਤੀ ਨਹੀਂ ਹੈ, ਯੂਨੀਵਰਸਲ ਕ੍ਰੈਡਿਟ ਪ੍ਰਾਪਤ ਨਹੀਂ ਕਰ ਸਕਦੇ, ਅਤੇ ਸ਼ਰਨਾਰਥੀ ਅਤੇ ਗੈਰ-ਯੂਕੇ ਜਾਂ ਆਇਰਿਸ਼ ਨਾਗਰਿਕ ਸਿਰਫ਼ ਉਦੋਂ ਹੀ ਭੁਗਤਾਨ ਪ੍ਰਾਪਤ ਕਰ ਸਕਦੇ ਹਨ ਜਦੋਂ ਉਨ੍ਹਾਂ ਨੂੰ ਗ੍ਰਹਿ ਦਫ਼ਤਰ ਦੁਆਰਾ ਆਪਣਾ ਦਰਜਾ ਦਿੱਤਾ ਜਾਂਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਪੱਤਰਕਾਰ ਭਗਵਾਨ ਸਿੰਘ ਖਜਾਲਾ ਦੀ ਬੇਟੀ ਦੇ ਦਿਹਾਂਤ ਤੇ ਵੱਖ-ਵੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ, ਅੰਤਿਮ ਅਰਦਾਸ ਅਤੇ ਭੋਗ 14 ਅਪ੍ਰੈਲ ਨੂੰ ਪਾਏ ਜਾਣਗੇ



**ਬਾਬਾ ਸੁਖਵੰਤ ਸਿੰਘ ਚੰਨਣਕੇ, ਚੌਕ ਮਹਿਤਾ (7 ਅਪ੍ਰੈਲ)**-ਪੱਤਰਕਾਰ ਭਗਵਾਨ ਸਿੰਘ ਖਜਾਲਾ ਜਿਨਾਂ ਦੀ ਬੇਟੀ ਪਵਨਦੀਪ ਕੌਰ ਦਾ ਬੀਤੇ ਦਿਨ ਦਿਹਾਂਤ ਹੋ ਗਿਆ ਸੀ ਤੇ ਇਲਾਕੇ ਦੇ ਵੱਖ-ਵੱਖ ਸਿਆਸੀ ਅਤੇ ਗੈਰ ਸਿਆਸੀ ਆਗੂਆਂ ਤੋਂ ਇਲਾਵਾ ਫੋਟੋਗ੍ਰਾਫਰ ਅਤੇ ਪੱਤਰਕਾਰ ਭਾਈਚਾਰੇ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਜੁਝਾਰ ਕੀਤਾ ਹੈ। ਗੁਰਦੁਆਰਾ ਨਾਨਕ ਦਰਬਾਰ ਖਜਾਲਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ, ਸ਼੍ਰੋਮਣੀ ਕਮੇਟੀ ਮੈਂਬਰ ਬਿਕਰਮਜੀਤ ਸਿੰਘ ਕੋਟਲਾ, ਸੰਤ ਬਾਬਾ ਗੁਰਭੇਜ ਸਿੰਘ ਖੁਜਾਲੇ ਵਾਲੇ, ਬਲਵਿੰਦਰ ਸਿੰਘ ਬਾਜਵਾ ਐਸ ਐਚ ਓ ਥਾਣਾ ਤਰਸਿੱਕਾ, ਹਰਦੀਪ ਸਿੰਘ ਗਿੱਲ ਹਲਕਾ ਇੰਚਾਰਜ ਜੰਡਿਆਲਾ ਗੁਰੂ, ਬਾਬਾ ਸੁਖਵੰਤ ਸਿੰਘ ਚੰਨਣਕੇ, ਪ੍ਰੈਸ ਕਲੱਬ ਦੇ ਪ੍ਰਧਾਨ ਰਜੇਸ਼ ਗਿੱਲ, ਰਾਮ ਸ਼ਰਨਜੀਤ ਸਿੰਘ ਪੱਤਰਕਾਰ, ਹਰਜਿੰਦਰ ਸਿੰਘ ਕਲੇਰ ਪੱਤਰਕਾਰ, ਦਵਿੰਦਰ ਸਿੰਘ ਸਹੋਤਾ ਪੱਤਰਕਾਰ,ਸੁਨੀਲ ਦੇਵਗਨ ਪੱਤਰਕਾਰ, ਰਜਿੰਦਰ ਸਿੰਘ ਪੱਤਰਕਾਰ, ਤਰਸੇਮ ਸਿੰਘ ਸਾਧਪੁਰ ਪੱਤਰਕਾਰ, ਬਲਜਿੰਦਰ ਸਿੰਘ ਬੱਲੀ ਪ੍ਰਧਾਨ ਮਾਝਾ ਪ੍ਰੈਸ ਕਲੱਬ, ਸਤਨਾਮ ਸਿੰਘ ਜੱਜ ਪੱਤਰਕਾਰ, ਰਾਜਵਿੰਦਰ ਸਿੰਘ ਰੰਧਾਵਾ ਪੱਤਰਕਾਰ, ਗੁਰਦੀਪ ਸਿੰਘ ਮਹਿਤਾ ਫ਼ੋਟੋਗ੍ਰਾਫਰ,ਦੀਪ ਢਪੱਈਆ,ਬੱਬੀ ਗਹਿਰੀ ਫ਼ੋਟੋਗ੍ਰਾਫਰ, ਰਾਹੁਲ ਫ਼ੋਟੋਗ੍ਰਾਫਰ ਵੈਰੋਨੰਗਲ, ਲਾਡੀ ਨਵਾਂ ਪਿੰਡ ਅਤੇ ਹੋਰ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਭਗਵਾਨ ਸਿੰਘ ਖਜਾਲਾ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਪਵਨਦੀਪ ਕੌਰ ਨਮਿੱਤ ਅਖੰਡ ਪਾਠ ਸਾਹਿਬ ਦੇ ਭੋਗ 14 ਅਪ੍ਰੈਲ ਦਿਨ ਸੋਮਵਾਰ ਨੂੰ ਉਹਨਾਂ ਦੇ ਗ੍ਰਹਿ ਪਿੰਡ ਖਜਾਲਾ ਵਿਖੇ ਪੈਣ ਉਪਰੰਤ ਗੁਰਦੁਆਰਾ ਨਾਨਕ ਦਰਬਾਰ ਖਜਾਲਾ ਵਿਖੇ ਕੀਰਤਨ ਅਤੇ ਸ਼ਰਧਾਂਜਲੀ ਸਮਾਗਮ 11 ਤੋ 12.30 ਤੱਕ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਸਰਪੰਚ ਸੁਰਿੰਦਰ ਸਿੰਘ ਅਰਜਨ ਮਾਂਗਾ ਨੇ

# ਗੁਰਬਾਣੀ ਦੇ ਜਾਪੁ ਕਰਵਾਕੇ ਨਵੀ ਕੋਠੀ ਦਾ ਕੀਤਾ ਉਦਘਾਟਨ





**ਚੌਕ ਮਹਿਤਾ, 6 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪ੍ਰਧਾਨ ਜਗੀਰ ਸਿੰਘ ਸੰਧੂ ਦੇ ਸਪੁੱਤਰ ਸਮਾਜ ਸੇਵੀ ਸਰਪੰਚ ਸਰਿੰਦਰ ਸਿੰਘ ਅਰਜਨ ਮਾਂਗਾ ਨੇ ਵਾਹਿਗੁਰੂ ਜੀ ਦੀ ਬਖਸਿਸ ਨਵੀਂ ਕੋਠੀ ਬਖਸਿਸ ਕੀਤੀ ਗਈ। ਉਨ੍ਹਾਂ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਟ ਆਸਰਾ ਲੈਕੇ ਆਰੰਭ ਕੀਤੇ ਗਏ ਪਵਿੱਤਰ ਪਾਵਨ ਗੁਰਬਾਣੀ ਦੇ ਦੇ ਸ੍ਰੀ ਆਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਬਾਬਾ ਮਹਾਰਾਨਾ ਸਾਹਿਬ ਅਰਜਨ ਮਾਂਗਾ ਦੇ ਹੈਡ ਗ੍ਰੰਥੀ ਬਾਬਾ ਅਮਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਗੁਰਮਤਿ ਵਿਚਾਰਾ ਦੀ ਸਾਂਝ ਪਾਈ। ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਜੀ ਦੇ ਹਜੂਰੀ ਰਾਗੀ ਭਾਈ ਹਰਜੀਤ ਸਿੰਘ ਜੀ ਨੇ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ ਸੰਗਤਾਂ ਨੂੰ ਸਰਵਨ ਕਰਵਾਏ। ਇਸ ਮੌਕੇ ਤੇ ਸਰਪੰਚ ਸੁਰਿੰਦਰ ਸਿੰਘ ਸੰਧੂ ਅਤੇ ਭਰਾ ਸਤਨਾਮ ਸਿੰਘ ਸੰਧੂ ਨੇ ਆਏ ਹੋਏ ਧਾਰਮਿਕ ਆਗੂਆਂ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ, ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਮਾਨ, ਸਾਬਕਾ ਚੇਅਰਮੈਨ ਹਰਜਿੰਦਰ ਸਿੰਘ ਨੰਗਲੀ, ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ, ਜਥੇਦਾਰ ਰਾਜਬੀਰ ਸਿੰਘ ਉਦੋ ਨੰਗਲ, ਸਰਪੰਚ ਜਸਪਾਲ ਸਿੰਘ ਪੱਠਾ, ਸਰਪੰਚ ਰਜਿੰਦਰ ਸਿੰਘ ਉਦੋ ਨੰਗਲ ਪੀ ਬੀ ਐਸ ਮੌਲ ਚੌਕ ਮਹਿਤਾ ਦੇ ਮਾਲਕ ਬਲਕਾਰ ਸਿੰਘ ਬਾਠ, ਸੁਖਜਿੰਦਰ ਸਿੰਘ ਚੰਨਣਕੇ, ਬਚਿੱਤਰ ਸਿੰਘ ਜਾਲੀਆਂ, ਬਾਬਾ ਗੁਰਿੰਦਰ ਸਿੰਘ ਚੰਨਣਕੇ, ਪ੍ਰਧਾਨ ਲਖਵਿੰਦਰ ਸਿੰਘ ਚੰਨਣਕੇ, ਤੇਜਿੰਦਰ ਸਿੰਘ ਲਾਡੀ, ਸਾਬਕਾ ਚੇਅਰਮੈਨ ਅਮਰਪਾਲ ਸਿੰਘ ਪਾਲੀ ਉਦੋਕੇ, ਜੈਲਦਾਰ ਹਰਿਦਿਆਲ ਸਿੰਘ ਚੰਨਣਕੇ, ਡਾਇਰੈਕਟਰ ਗੁਰਮੁੱਖ ਸਿੰਘ ਸਾਬਾ ਉਦੋਨੰਗਲ, ਸਾਬਕਾ ਸਰਪੰਚ ਮੇਜਰ ਸਿੰਘ ਸਹੋਤਾ, ਜਸਪਿੰਦਰ ਸਿੰਘ ਸੋਨੂੰ ਚੰਨਣਕੇ, ਆਦਿ ਸੀਨੀਅਰ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

‘ਸਮਲਿੰਗੀ ਪ੍ਰੇਡ’ ਦਾ ਹਮਾਇਤੀ ਸੁਮੇਲ ਸਿੱਧੂ ਪੰਥ ਤੇ ਪੰਜਾਬ ਦਾ ਦੁਸ਼ਮਣ

# ਅੰਮ੍ਰਿਤਸਰ ਅਤੇ ਪੰਜਾਬ ’ਚ ਸਿੱਖ ਕਦੇ ਵੀ ‘ਗੇ ਪ੍ਰੇਡ’ ਨਹੀਂ ਹੋਣ ਦੇਣਗੇ : ਫੈਡਰੇਸ਼ਨ ਭਿੰਡਰਾਂਵਾਲਾ

**ਅੰਮ੍ਰਿਤਸਰ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਥਕ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਨੇ ਕਿਹਾ ਕਿ ਪੰਥਕ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੇ ਭਾਰੀ ਵਿਰੋਧ ਸਦਕਾ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ 27 ਅਪ੍ਰੈਲ 2025 ਨੂੰ ’ਗੇ-ਪ੍ਰੇਡ’ ਕਰਵਾਉਣ ਵਾਲੇ ਪ੍ਰਬੰਧਕ ਰਿਧਮ ਚੱਢਾ ਅਤੇ ਰਮਿਤ ਸੇਠ ਨੇ ਭਾਵੇਂ ਇਹ ਪ੍ਰੋਗਰਾਮ ਰੱਦ ਕਰ ਦਿੱਤਾ ਹੈ ਪਰ ਜੇ ਇਹ ਲੋਕ ਅੰਮ੍ਰਿਤਸਰ ਦੀ ਧਰਤੀ ਉੱਤੇ ਅਜਿਹਾ ਲੁੱਚਖਾਨਾ ਕਰਨ ਆਉਂਦੇ ਤਾਂ ਇਹਨਾਂ ਦੀ ਛਿੱਤਰ ਪ੍ਰੇਡ ਹੋਣੀ ਲਾਜ਼ਮੀ ਸੀ ਕਿਉਂਕਿ ਸਿੱਖ ਨੌਜਵਾਨਾਂ ਵਿੱਚ ਭਾਰੀ ਰੋਹ ਅਤੇ ਰੋਸ ਸੀ ਅਤੇ ਉਹ ਹਰ ਹੀਲੇ ਇਸ ਨੂੰ ਰੋਕਣ ਲਈ ਕਮਰਕੱਸੇ ਕਰ ਚੁੱਕੇ ਸਨ। ਉਹਨਾਂ ਕਿਹਾ ਕਿ ਸਰਕਾਰਾਂ ਅਜਿਹੇ ਲੁੱਚਖਾਨੇ ਨੂੰ ਵਧਾਵਾ ਨਾ ਹੀ ਦੇਣ ਤਾਂ ਚੰਗਾ ਹੈ, ਇਸ ਨਾਲ ਅਗਲੀਆਂ ਪੀੜ੍ਹੀਆਂ ਦਾ ਗਰਕ ਹੋਣਾ ਤੈਅ ਹੈ। ਉਹਨਾਂ ਕਿਹਾ ਕਿ ਅੰਮ੍ਰਿਤਸਰ ਵਿੱਚ ਤਾਂ ਸਮਲਿੰਗੀ ਪਰੇਡ ਰੱਦ ਹੋ ਗਈ ਪਰ ਭਵਿੱਖ ਵਿੱਚ ਖ਼ਾਲਸਾ ਪੰਥ ਅਜਿਹੇ ਲੁੱਚਖਾਨੇ ਨੂੰ ਦੇਸ ਪੰਜਾਬ ਵਿੱਚ ਕਿਸੇ ਹੋਰ ਜਗ੍ਹਾ ਵੀ ਨਹੀਂ ਹੋਣ ਦੇਵੇਗਾ। ਉਹਨਾਂ ਕਿਹਾ ਕਿ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਰਿਧਮ ਚੱਢਾ ਅਤੇ ਰਮਿਤ ਸੇਠ ਜੋ ਪਿਛਲੇ ਸਾਲਾਂ ਵਿੱਚ ਅੰਮ੍ਰਿਤਸਰ ਤੇ ਹੋਰ ਥਾਂਵਾਂ ’ਤੇ ਤਿੰਨ ਵਾਰ ਅਜਿਹਾ ਲੁੱਚਖਾਨਾ ਕਰ ਚੁੱਕੇ ਹਨ ਪਰ ਓਦੋਂ ਕਿਸੇ ਦਾ ਧਿਆਨ ਨਹੀਂ ਸੀ ਪਿਆ, ਇਹ ਲੋਕ ਪੰਜਾਬ ਦੀ ਧਰਤੀ ਨੂੰ ਗੰਧਲਾ ਅਤੇ ਬਦਨਾਮ ਕਰਨਾ ਚਾਹੁੰਦੇ ਹਨ ਜੋ ਕਿਸੇ ਵੀ ਸਿੱਖ ਅਤੇ ਪੰਜਾਬੀ ਲਈ ਬਰਦਾਸ਼ਤਯੋਗ ਨਹੀਂ ਹੈ। ਇਹ ਗੈ਼ਰ ਕੁਦਰਤੀ ਅਤੇ ਗੈ਼ਰ ਸਮਾਜਿਕ ਵਰਤਾਰਾ ਹੈ, ਅਜਿਹੇ ਲੋਕਾਂ ਨੂੰ ਆਪਣਾ ਮਾਨਸਿਕ ਇਲਾਜ ਕਰਵਾਉਣਾ ਚਾਹੀਦਾ ਹੈ। ਫੈਡਰੇਸ਼ਨਾਂ ਆਗੂਆਂ ਨੇ ਕਿਹਾ ਕਿ ਪੰਜਾਬ ਗੁਰੂਆਂ, ਸੂਰਬੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ। ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਪੰਜਾਬ ਨੂੰ ਗੁਰੂ ਦੇ ਸਿੱਖ ਕਦੇ ਵੀ ਅਸ਼ਲੀਲਤਾ ਦਾ ਅੱਡਾ ਨਹੀਂ ਬਣਨ ਦੇਣਗੇ, ਇਹੋ ਜਿਹੇ ਘਟੀਆ ਪ੍ਰੋਗਰਾਮ ਪੰਜਾਬ ਦੀ ਧਰਤੀ ਉੱਤੇ ਸਿੱਖ ਕਦੇ ਨਹੀਂ ਹੋਣ ਦੇਣਗੇ। ਉਹਨਾਂ ਕਿਹਾ ਕਿ ਅਜਿਹੇ ਲੁੱਚਖਾਨੇ ਦੀ ਹਮਾਇਤ ਕਰਨ ਵਾਲੇ ਕਾਮਰੇਡ ਸੁਮੇਲ ਸਿੱਧੂ ਵਰਗੇ ਲੋਕ ਪੰਥ ਅਤੇ ਪੰਜਾਬ ਦੇ ਦੁਸ਼ਮਣ ਹਨ। ਉਹਨਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਅਤੇ ਪੰਜਾਬ ਵਿੱਚ ਤਾਂ ਖ਼ਾਲਸਾ ਪਰੇਡ, ਖ਼ਾਲਸਾ ਮਾਰਚ ਹੋਣੇ ਚਾਹੀਦੇ ਹਨ ਅਤੇ ਯੋਧਿਆਂ, ਮਰਦਾਂ ਅਤੇ ਮਹਾਨ ਇਸਤਰੀਆਂ ਦੀ ਯਾਦ ਵਿੱਚ ਮੇਲੇ ਲੱਗਦੇ ਹਨ। ਪਰ ਇਹ ਗੇ ਪਰੇਡ ਸਿੱਖਾਂ ਤੇ ਪੰਜਾਬੀਆਂ ਵਿਰੁੱਧ ਇੱਕ ਵੱਡੀ ਸਾਜਿਸ਼ ਹੈ, ਜਿਸ ਨੂੰ ਪੱਕੇ ਤੌਰ ਉੱਤੇ ਠੱਲ੍ਹ ਪਾਉਣ ਦੀ ਲੋੜ ਹੈ। ਸਾਡੇ ਮਨਾਂ ’ਚ ਸ੍ਰੀ ਅੰਮ੍ਰਿਤਸਰ ਰੂਹਾਨੀ ਸਕੂਨ ਨਾਲ ਜੁੜਿਆ ਹੈ ਇੱਥੇ ’ਜਿਨਸੀ ਅਨੈਤਿਕਤਾ’ ਨੂੰ ਪ੍ਰਮੋਟ ਕਰਨ ਦਾ ਵਿਰੋਧ ਬਹੁਤ ਜ਼ਰੂਰੀ ਸੀ। ਉਹਨਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਸਿੱਖਾਂ ਨੇ ਹਜ਼ਾਰਾਂ ਸ਼ਹੀਦੀਆਂ ਦਿੱਤੀਆਂ ਹਨ, ਪਰ ਪੰਥ ਅਤੇ ਪੰਜਾਬ ਦੇ ਦੁਸ਼ਮਣ ਇੱਥੇ ਹਰ ਤਰ੍ਹਾਂ ਦਾ ਗੰਦ ਲਿਆ ਕੇ ਇਸ ਨੂੰ ਅਪਵਿੱਤਰ ਕਰਨ ਦਾ ਅਹਿਦ ਕਰੀ ਫਿਰਦੇ ਹਨ ਜਿਸ ਨਾਲ ਖ਼ਾਲਸੇ ਦਾ ਟਾਕਰਾ ਹੋਣਾ ਲਾਜ਼ਮੀ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਕਿਸਾਨੀ ਮੰਗਾਂ ਲਈ ਮਰਨ ਵਰਤ ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਨੇ ਮਰਨ ਵਰਤ ਕੀਤਾ ਖਤਮ—ਕੁਲਜੀਤ ਸਿੰਘ ਭੋਲਾ



ਫ਼ਿਰੋਜ਼ਪੁਰ, 7 ਅਪ੍ਰੈਲ (ਮਨੋਹਰ ਲਾਲ) :— ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਦੇ ਕੇ ਮੁਗਲਾਂ ਨਾਲ ਟੱਕਰ, ਅੰਗਰੇਜਾਂ ਨਾਲ ਟੱਕਰ, ਕਦੇ ਆਪਣਿਆਂ ਨਾਲ ਦੋ—ਦੋ ਹੱਥ ਕਰਨ ਤੋਂ ਕਦੇ ਪਿਛੇ ਨਹੀਂ ਹਟਦੇ। ਬਾਬਾ ਗੁਰੂ ਨਾਨਕ ਸਾਹਿਬ ਜੀ ਦੇ ਸਿੱਖ, ਕਿਸਾਨੀ ਮੰਗਾਂ ਨੂੰ ਲੈ ਕੇ ਪਿਛਲੇ 131 ਦਿਨਾਂ ਤੋਂ ਮਰਨ ਵਰਤ ਤੇ ਬੈਠੇ ਸ੍ਰੀ ਜਗਜੀਤ ਸਿੰਘ ਡੱਲੇਵਾਲ ਨੇ ਅੱਜ 131 ਦਿਨਾਂ ਬਾਅਦ ਫਤਹਿਗੜ੍ਹ ਸਾਹਿਬ ਦੀ ਧਰਤੀ ਤੇ ਹੈਡ ਗ੍ਰੰਥੀ ਤੇ ਕਥਾਵਾਚਕ ਭਾਈ ਹਰਪਾਲ ਸਿੰਘ ਵੱਲੋਂ ਗੁਰੂ ਚਰਨਾਂ ਵਿਚ ਅਰਦਾਸ ਬੇਨਤੀ ਕਰਨ ਉਪਰੰਤ ਮਰਨ ਵਰਤ ਖਤਮ ਕਰ ਦਿੱਤਾ ਹੈ। ਸ੍ਰੀ ਡੱਲੇਵਾਲ ਦੇ ਮਰਨ ਵਰਤ ਨੂੰ ਖਤਮ ਕਰਨ ਤੇ ਸੀਨੀਅਰ ਆਗੂ ਕਿਸਾਨ ਜਥੇਬੰਦੀ ਦੇ ਆਗੂ ਕੁਲਜੀਤ ਸਿੰਘ ਭੋਲਾ ਸ਼ਕੂਰ ਤੇ ਛਿੰਦਰ ਸਿੰਘ ਨੇ ਆਖਿਆ ਕਿ ਮਰਨ ਵਰਤ ਡੱਲੇਵਾਲ ਜੀ ਨੇ ਸਾਰੀ ਜਥੇਬੰਦੀ, ਸਿੱਖ ਜਥੇਬੰਦੀਆਂ ਦੇ ਕਹਿਣ ਤੇ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਫੈਸਲਾ ਲਿਆ ਗਿਆ ਹੈ। ਅੱਗੇ ਗੱਲ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਸੱਪਾਂਵਾਲੀ ਨੇ ਕਿਹਾ ਕਿ ਹੜਤਾਲਾਂ ਧਰਨੇ ਤਾਂ ਚਲਦੇ ਰਹਿੰਦੇ ਹਨ, ਪਰ ਨਿਧੜਕ ਆਗੂ ਨਹੀਂ ਮਿਲਦੇ ਜ਼ੋ ਸਰਕਾਰਾਂ ਨਾਲ ਟੱਕਰ ਲੈ ਸਕਣ। ਅੱਗੇ ਗੱਲ ਕਰਦਿਆਂ ਜਥੇਦਾਰ ਹਿੰਮਤ ਸਿੰਘ ਮੈਂਬਰ ਜਥੇਬੰਦੀ ਨੇ ਕਿਹਾ ਕਿ ਮਰਨ ਵਰਤ ਖ਼ਤਮ ਕੀਤਾ ਹੈ, ਹੱਕੀ ਮੰਗਾਂ ਲਈ ਸਾਰਿਆਂ ਦੇ ਸਹਿਯੋਗ ਨਾਲ ਮੋਰਚੇ ਲੱਗਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਭੁੱਖ ਹੜਤਾਲ ਦਾ ਕੋਈ ਵਿਧਾਨ ਨਹੀਂ ਹੈ, ਪਰ ਕਈ ਮਜ਼ਬੂਰ ਹੋਕੇ ਐਸੇ ਕਦਮ ਚੁੱਕਣੇ ਪੈਂਦੇ ਹਨ। ਆਗੂਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਸਮੇਂ ਦੀ ਹਕੂਮਤ ਖਿਲਾਫ ਚੰਡੀਗੜ੍ਹ ਮਰਨ ਵਰਤ ਸ਼ੁਰੂ ਕੀਤਾ ਸੀ, ਪਰ ਸਮੇਂ ਦੀ ਆਪਣੀ ਸਰਕਾਰ ਨੇ ਮੰਗਾਂ ਨਹੀਂ ਮੰਨੀਆਂ ਤੇ ਫੇਰੂਮਾਨ ਜੀ 72 ਦਿਨ ਬਾਅਦ ਕੌਮ ਲਈ ਸ਼ਹੀਦ ਹੋ ਗਏ ਸਨ। ਉਨ੍ਹਾਂ ਦੱਸਿਆ ਕਿ ਉਸ ਤੋਂ ਬਾਅਦ ਸੰਤ ਫਤਹਿ ਸਿੰਘ ਨੇ ਵੀ ਇਹੋ ਜਿਹਾ ਕੁਝ ਕਰਨਾ ਚਾਹਿਆ ਸੀ, ਪਰ ਜਥੇਬੰਦੀ ਦੇ ਸਾਥੀਆਂ ਨੇ ਕਿਹਾ ਕਿ ਅਸੀਂ ਕਲੇਵਾਲੇ ਦੇ ਹੁਕਮ ਦੀ ਉਡੀਕ ਕਰਾਂਗੇ, ਅਗਲੇ ਹੁਕਮਾਂ ਦੀ ਜਿਥੇ ਕਦੋਂ ਮਰਜੀ ਹੁਕਮ ਕਰਨਗੇ, ਡੱਲੇਵਾਲ ਦਾ ਸਾਥ ਦਿੱਤਾ ਤੇ ਦਿੰਦੇ ਰਹਾਂਗੇ। ਇਸ ਮੌਕੇ ਸੂਬੇਦਾਰ ਚਮਕੌਰ ਸਿੰਘ ਸ਼ਕੂਰ, ਮੰਦਰ ਸਿੰਘ, ਗੁਰਪ੍ਰੀਤ ਸਿੰਘ ਰਾਜਾ ਖਾਲਸਾ, ਪੰਚ ਗੁਰਤੇਜ਼ ਸਿੰਘ, ਪੰਚ ਰਛਪਾਲ ਸਿੰਘ, ਪੰਚ ਨਿਰਭੈ ਸਿੰਘ, ਸੁਖਦੇਵ ਸਿੰਘ ਸੇਵਾ, ਪਰਮਜੀਤ ਸਿੰਘ ਖਾਲਸਾ, ਜ਼ਸਵੀਰ ਸਿੰਘ ਡੀ.ਸੀ, ਗੁਰਬੰਸ ਸਿੰਘ ਸ਼ਕੂਰ, ਗੁਰਸੇਵਕ ਸਿੰਘ ਸ਼ਕੂਰ, ਦਰਸ਼ਨ ਸਿੰਘ ਖਾਲਸਾ, ਗੁਰਭੇਜ਼ ਸਿੰਘ ਭੇਜਾ, ਜਥੇਦਾਰ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੇ ਕਮਿਸ਼ਨ ਦਾ ਬਕਾਇਆ ਇਕੋ ਕਿਸ਼ਤ ਵਿਚ ਦਿੱਤਾ ਜਾਵੇ—ਪੈਨਸ਼ਨਰ



ਫ਼ਿਰੋਜ਼ਪੁਰ, 7 ਅਪ੍ਰੈਲ (ਮਨੋਹਰ ਲਾਲ) :— ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਬਲਵੰਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਕਾਮਰੇਡ ਜਰਨੈਲ ਸਿੰਘ ਭਵਨ ਵਿਚ ਕੀਤੀ ਗਈ ਮੀਟਿੰ ਵਿਚ ਬਜਟ ਸੈਸ਼ਨ ਦੌਰਾਨ ਪੈਨਸ਼ਨਰਾਂ ਵਾਸਤੇ ਕੋਈ ਵੀ ਬਜਟ ਨਾ ਰੱਖਣ ਦੀ ਪੁਰਜ਼ੋਰ ਨਿੰਦਾ ਕੀਤੀ ਗਈ, ਪੈਨਸ਼ਨਰ ਆਗੂਆਂ ਓਮ ਪ੍ਰਕਾਸ਼, ਗੁਰਤੇਜ਼ ਸਿੰਘ, ਜ਼ਸਬੀਰ ਸਿੰਘ, ਕਵਰਜੀਤ ਸ਼ਰਮਾ, ਹਰਨਾਮ ਸਿੰਘ, ਕੁਲਦੀਪ ਸਿੰਘ ਖੁੰਘਰ, ਚਨਣ ਸਿੰਘ ਅਤੇ ਪ੍ਰੀਤਮ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ 01.01.16 ਤੋਂ 30.06.21 ਤੱਕ ਦਾ ਪੇ ਕਮਿਸ਼ਨ ਦਾ ਬਕਾਇਆ ਸਰਕਾਰ ਨੇ ਲੀਰੋ ਲੀਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਬਹੁਤ ਸਾਰੇ ਪੈਨਸ਼ਨਰ ਬਕਾਇਆ ਉਡੀਕਦੇ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਆਗੂਆਂ ਨੇ ਮੰਗ ਕੀਤੀ ਕਿ ਬਕਾਇਆ ਇਕੋ ਕਿਸ਼ਤ ਵਿਚ ਦਿੱਤਾ ਜਾਵੇ ਅਤੇ 20.06.21 ਤੋਂ ਡੀ.ਏ ਦੀ ਡਿਊ ਬਕਾਇਆ ਅਤੇ 13 ਫੀਸਦੀ ਰਹਿੰਦੀਆਂ ਡੀ.ਏ ਦੀਆਂ ਕਿਸ਼ਤਾਂ ਦਿੱਤੀਆਂ ਜਾਣ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਸਰਕਾਰ 55ਫੀਸਦੀ ਡੀ.ਏ ਦੇ ਰਹੀ ਹੈ, ਜਦ ਕਿ ਪੰਜਾਬ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ 42ਫੀਸਦੀ ਡੀ.ਏ ਲੈ ਰਹੇ ਹਨ। ਆਗੂਆਂ ਨੇ ਕਿਹਾ ਕਿ ਕੋਰਟਾਂ ਵਿਚ ਹੋਏ ਫੈਸਲੇ ਵੀ ਸਰਕਾਰ ਲਾਗੂ ਨਹੀਂ ਕਰ ਰਹੀ, ਪੈਨਸ਼ਨਰਾਂ ਦੇ ਮੈਡੀਕਲ ਬਿੱਲਾਂ ਵਾਸਤੇ ਵੀ ਸਰਕਾਰ ਬਜਟ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ 2.59 ਦੇ ਫੈਕਟਰ ਨਾਲ ਪੈਨਸ਼ਨ ਵਿਚ ਸੋਧ ਕੀਤੀ ਜਾਵੇ। ਇਸ ਮੌਕੇ ਜ਼ਸਵੰਤ ਮੈਣੀ, ਬਲਦੇਵ ਰਾਜ, ਸਤੀਸ਼ ਠਾਕੁਰ, ਕਿਰਪਾਲ ਸਿੰਘ, ਜ਼ਸਵਿੰਦਰ ਸਿੰਘ, ਬਾਬੂ ਲਾਲ, ਗੁਰਚਰਨ ਸਿੰਘ, ਅੰਮ੍ਰਿਤਪਾਲ, ਧਰਮਪਾਲ, ਮੁਖਤਿਆਰ ਸਿੰਘ, ਨਿਰਮਲ ਸਿੰਘ ਅਤੇ ਅਮਰਜੀਤ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪਾਕਿਸਤਾਨ ਹਾਈ ਕਮਿਸ਼ਨਰ ਵੱਲੋਂ ਸਿੱਖ ਯਾਤਰਾ ਨੂੰ ਵਿਸਾਖੀ ਮੌਕੇ ਖੁੱਲੇ ਵੀਜੇ ਦਿੱਤੇ ਗਏ—ਜਗਜੀਤ ਸਿੰਘ ਭੁੱਲਰ



ਫ਼ਿਰੋਜ਼ਪੁਰ, 7 ਅਪ੍ਰੈਲ (ਮਨੋਹਰ ਲਾਲ) :— ਵਿਸਾਖੀ ਮੌਕੇ ਪਾਕਿਸਤਾਨ ਜਾਣ ਵਾਲੇ ਜਥੇ ਨੂੰ ਪਾਕਿਸਤਾਨ ਹਾਈ ਕਮਿਸ਼ਨਰ ਵੱਲੋਂ ਖੁੱਲੇ ਵੀਜੇ ਜਾਰੀ ਕੀਤੇ ਗਏ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪਾਕਿਸਤਾਨ ਅੰਬੈਸੀ ਵੱਲੋਂ 6606 ਵੀਜ਼ੇ ਜਾਰੀ ਕੀਤੇ ਗਏ, ਜਿਨਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ, ਖਾਲੜਾ ਮਿਸ਼ਨ ਕਮੇਟੀ ਨਨਕਾਣਾ ਸਾਹਿਬ ਫਾਊਂਡੇਸ਼ਨ ਅੰਮ੍ਰਿਤਸਰ ਅਤੇ ਹੋਰ ਵੱਖ—ਵੱਖ ਸੋਸਾਇਟੀਆਂ ਨੂੰ 100 ਫੀਸਦੀ ਵੀਜ਼ੇ ਜਾਰੀ ਕੀਤੇ ਗਏ ਜਿਸ ਨਾਲ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਗੱਲਬਾਤ ਕਰਦਿਆਂ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਵਿਸਾਖੀ ਮੌਕੇ ਜਾਣ ਵਾਲੇ ਯਾਤਰੂ ਆਪਣੇ—ਆਪਣੇ ਪਾਸਪੋਰਟ ਅੱਠ ਤਰੀਕ ਨੂੰ 11 ਵਜੇ ਤੋਂ ਬਾਅਦ ਜਸਾ ਸਿੰਘ ਰਾਮਗੜੀਆ ਨਗਰ ਬਗਦਾਦੀ ਗੇਟ ਤੋਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜਥਾ 10 ਅਪ੍ਰੈਲ ਨੂੰ ਯਾਤਰਾ ਲਈ ਜਾਵੇਗਾ ਅਤੇ ਗੁਰਧਾਮਾਂ ਦੇ ਦਰਸ਼ਨ ਕਰਕੇ ਵਿਸਾਖੀ ਦਿਹਾੜਾ ਪੰਜਾ ਸਾਹਿਬ ਵਿੱਚ ਮਨਾ ਕੇ 19 ਅਪ੍ਰੈਲ ਨੂੰ ਵਾਪਸ ਭਾਰਤ ਪਰਤਾਵੇਗਾ। ਇਸ ਮੌਕੇ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਇਸ ਵਾਰ 3000 ਕੋਟੇ ਦੀ ਜਗ੍ਹਾ ਖੁੱਲੇ ਦਿਲ ਨਾਲ ਵੀਜੇ ਦਿੱਤੇ ਗਏ ਹਨ। ਇਸ ਵਾਰ ਕੋਈ ਵੀ ਯਾਤਰੂ ਉਨ੍ਹਾਂ ਨੇ ਕੱਟਿਆ ਨਹੀਂ ਜਿਸ ਨਾਲ 100 ਫੀਸਦੀ ਵੀਜ਼ਾ ਦਿੱਤਾ ਗਿਆ ਅਤੇ ਸਾਰੀਆਂ ਸੰਗਤ ਜਿਨਾਂ—ਜਿਨਾਂ ਨੇ ਅਪਲਾਈ ਕੀਤਾ ਸੀ ਕਿਸੇ ਵੀ ਥਰੂ ਕਿਸੇ ਵੀ ਸੰਸਥਾ ਥਰੂ ਉਨ੍ਹਾਂ ਨੂੰ ਸਭ ਨੂੰ 100 ਫੀਸਦੀ ਵੀਜ਼ੇ ਦਿੱਤੇ ਗਏ ਹਨ। ਗੱਲਬਾਤ ਕਰਦਿਆਂ ਵਿਸ਼ਵ ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਪਾਕਿਸਤਾਨ ਹਾਈ ਕਮਿਸ਼ਨ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਸੂਬਾ ਸਰਕਾਰ ਨੌਜਵਾਨਾਂ ਦੇ ਸੁਨਹਿਰੀ ਭਵਿੱਖ ਲਈ ਵਚਨਵੱਧ ਤੇ ਯਤਨਸ਼ੀਲ- ਪ੍ਰੋ. ਬਲਜਿੰਦਰ ਕੌਰ

# ਸਕੂਲਾਂ ਦੀ ਚਾਰ-ਦੀਵਾਰੀ ਅਤੇ ਆਧੁਨਿਕ ਕਲਾਸ ਰੂਮਾਂ ਦਾ ਕੀਤਾ ਉਦਘਾਟਨ





**ਤਲਵੰਡੀ ਸਾਬੋ, 7 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)-** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਨੌਜਵਾਨਾਂ ਦੇ ਸੁਨਹਿਰੀ ਭਵਿੱਖ ਲਈ ਵਚਨਵੱਧ ਅਤੇ ਯਤਨਸ਼ੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੀਫ ਵਿੱਪ ਅਤੇ ਤਲਵੰਡੀ ਸਾਬੋ ਦੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਪੱਕਾ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਗਏ "ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ" ਸਮਾਗਮ 'ਚ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਸਿੱਖਿਆ ਦੇ ਖੇਤਰ 'ਚ ਅਹਿਮ ਪਹਿਲਕਦਮੀਆਂ ਕਰ ਰਹੀ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਉਨ੍ਹਾਂ ਨੂੰ ਸਵੈ ਰੋਜਗਾਰ ਦੇ ਕਾਬਿਲ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਜੋ ਜੋ ਵਾਅਦੇ ਪੰਜਾਬ ਸਰਕਾਰ ਨੇ ਆਮ ਲੋਕਾਂ ਨਾਲ ਕੀਤੇ ਉਨ੍ਹਾਂ 'ਤੇ ਖਰੀ ਉਤਰੀ ਹੈ। ਇਸ ਦੌਰਾਨ ਵਿਧਾਇਕ ਬਲਜਿੰਦਰ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਸਕੂਲਾਂ ਵਿੱਚ ਆਧੁਨਿਕ ਸਿੱਖਿਆ ਦੇਣ ਲਈ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਰਹੀ ਹੈ ਤਾਂ ਜੋ ਉਹ ਚੰਗੀ ਮੁਹਾਰਤ ਹਾਸਲ ਕਰਕੇ ਵਿਦਿਆਰਥੀਆਂ ਨੂੰ ਵਧੀਆਂ ਸਿੱਖਿਆ ਮੁਹੱਈਆ ਕਰਵਾ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਵਿਸ਼ੇਸ਼ ਉਪਰਾਲੇ ਕਰ ਰਹੀ ਹੈ, ਜਿਸ ਦੇ ਅਧੀਨ ਨੌਜਵਾਨਾਂ ਲਈ ਪਿੰਡਾ/ਸ਼ਹਿਰਾਂ ਅੰਦਰ ਖੇਡ ਗਰਾਊਡ ਬਣਾਏ ਜਾ ਰਹੇ ਹਨ ਤਾਂ ਜੋ ਪੰਜਾਬ ਦੀ ਜਵਾਨੀ ਨਸ਼ੇ ਦੀ ਭੈੜੀ ਅਲਾਮਤ ਤੋਂ ਦੂਰ ਰਹਿ ਸਕੇ। ਇਸ ਦੌਰਾਨ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਅਤੇ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜੀ ਹੈ। ਉਨ੍ਹਾਂ ਕਿਹਾ ਕਿ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜੀਰੋ ਆ ਰਿਹਾ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਹੁਣ ਦਿਨ ਸਮੇਂ ਵੀ ਬਿਜਲੀ ਮਿਲ ਰਹੀ ਹੈ ਅਤੇ ਸੂਬਾ ਸਰਕਾਰ ਨੇ ਸੋਲਰ ਪਲਾਂਟ ਲਗਾ ਕੇ ਬਿਜਲੀ ਵੇਚ ਕੇ ਕਰੋੜਾਂ ਰੁਪਏ ਦੀ ਆਮਦਨ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਵਲੋਂ ਕਿਸਾਨਾਂ ਲਈ ਨਹਿਰੀ ਪਾਣੀ ਵਾਸਤੇ 15 ਹਜ਼ਾਰ ਕਿਲੋਮੀਟਰ ਨਹਿਰੀ ਖਾਲਾਂ ਨੂੰ ਮੁੜ ਸੁਰਜੀਤ ਕੀਤਾ ਗਿਆ। ਇਸ ਉਪਰੰਤ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਕਾ ਕਲਾ, ਸੇਖੂ, ਗੁਰਥੜੀ ਅਤੇ ਪਿੰਡ ਬੰਗੀ ਰਘੂ ਵਿਖੇ ਆਧੁਨਿਕ ਕਲਾਸ ਰੂਮਾਂ, ਸਕੂਲਾਂ ਦੀ ਚਾਰ ਦੀਵਾਰੀ, ਟੋਆਇਲਟਸ ਅਤੇ 2 ਕਮਰਿਆਂ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਵਿਧਾਇਕ ਬਲਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਖਤ ਤੋਂ ਸਖਤ ਮਿਹਨਤ ਕਰਨ ਤਾਂ ਮਿੱਥੇ ਟੀਚੇ ਨੂੰ ਸਰ ਕਰ ਸਕਣ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰ ਸਕਣ। ਇਸ ਮੌਕੇ ਸਕੂਲ ਦਾ ਸਮੂਹ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਅਤੇ ਪਿੰਡ ਦੀ ਪੰਚਾਇਤ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

## ਫੋਟੋ ਗੈਲਰੀ












ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਰਹਿਮਤ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਇਸ ਮੌਕੇ 19-20 ਅਪ੍ਰੈਲ 2025 ਨੂੰ ਲਾਲ ਕਿਲ੍ਹੇ ਵਿਖੇ ਮਨਾਏ ਜਾਣ ਵਾਲੇ " ਦਿੱਲੀ ਫ਼ਤਿਹ ਦਿਵਸ " ਸਬੰਧੀ ਸਤਿਕਾਰਯੋਗ ਮਹਾਂਪੁਰਖ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਨੂੰ ਲੰਗਰ ਦੀ ਸੇਵਾ ਲਈ ਸੱਦਾ ਪੱਤਰ ਦਿੱਤਾ । ਬਾਬਾ ਜੀ ਵੱਲੋਂ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਮਾਨ ਸਨਮਾਨ ਕਰਨ ਲਈ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

# ਨੌਜਵਾਨੋ ! ਵਿਦੇਸ਼ ਜਾਣ ਦੀ ਦੌੜ 'ਚ ਪੰਜਾਬ ਨੂੰ ਭੰਡੋ ਨਾ, ਛੱਡੋ ਨਾ, ਪੰਜਾਬ ਦਾਤਾ ਹੈ



ਦੇਸ ਪੰਜਾਬ ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੀ ਧਰਤੀ ਹੈ। ਇਸ ਨੂੰ 'ਸਿੱਖ ਹੋਮਲੈਂਡ' ਹੋਣ ਦਾ ਮਾਣ ਪ੍ਰਾਪਤ ਹੈ। ਇਸ ਧਰਤੀ ਦੇ ਚੱਪੇ-ਚੱਪੇ 'ਤੇ ਸਿੱਖ ਸ਼ਹੀਦਾਂ ਦਾ ਲਹੂ ਡੁੱਲ੍ਹਿਆ ਹੈ। ਇਸ ਦੀ ਆਬੋ-ਹਵਾ 'ਚ ਗੁਰੂ ਕੀ ਬਾਣੀ ਘੁਲੀ ਹੋਈ ਹੈ, ਇੱਥੇ ਹੀ ਮਾਣਮੱਤਾ ਸਿੱਖ ਇਤਿਹਾਸ ਸਿਰਜਿਆ ਗਿਆ ਹੈ। ਪੰਜਾਬ ਜਿਹਾ ਹੋਰ ਕੋਈ ਦੇਸ ਨਹੀਂ। ਪੰਜਾਬ ਛੱਡਣ ਨੂੰ ਕੀਹਦਾ ਦਿਲ ਕਰਦਾ ਹੈ ? ਪਰ ਜੂਨ 1984 'ਚ ਹਿੰਦੁਸਤਾਨ ਦੀ ਹਕੂਮਤ ਨੇ ਦੇਸ ਪੰਜਾਬ ਅਤੇ ਸਿੱਖ ਕੌਮ ਨੂੰ ਅਜਿਹੀ ਮਾਰ ਮਾਰੀ ਕਿ ਪੰਜਾਬ ਦੇ ਅਨੇਕਾਂ ਅਣਖ਼ੀ ਸਿੱਖਾਂ ਨੂੰ ਪ੍ਰਦੇਸਾਂ 'ਚ ਜਾ ਕੇ ਵੱਸਣਾ ਪਿਆ। 1978 ਅਤੇ 1984 ਤੋਂ 1995 ਤੱਕ ਖ਼ਾਲਿਸਤਾਨ ਦੇ ਚੱਲੇ ਹਥਿਆਰਬੰਦ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੇ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਤੇ, ਬੇਅੰਤ ਪਰਿਵਾਰਾਂ ਨੇ ਸਰਕਾਰ ਦਾ ਜ਼ੁਲਮ-ਤਸ਼ੱਦਦ ਆਪਣੇ ਪਿੰਡੇ 'ਤੇ ਝੱਲਿਆ, ਕਈਆਂ ਨੇ ਲੰਮੀਆਂ ਜੇਲ੍ਹਾਂ ਕੱਟੀਆਂ, ਕਈ ਜਲਾਵਤਨੀ ਹੋ ਗਏ, ਹਕੂਮਤੀ ਜ਼ੁਲਮ ਤੋਂ ਤੰਗ ਆ ਕੇ ਕਈ ਸਿੰਘਾਂ ਨੂੰ ਪੰਜਾਬ ਛੱਡ ਕੇ ਵਿਦੇਸ਼ਾਂ 'ਚ ਸ਼ਰਨ ਲੈਣੀ ਪਈ। ਅਠਾਰ੍ਹਵੀਂ ਸਦੀ ਦਾ ਇਤਿਹਾਸ ਪੜ੍ਹ-ਸੁਣ ਕੇ ਪਤਾ ਲੱਗਦਾ ਹੈ ਕਿ ਜਦੋਂ ਮੁਗਲ ਹਕੂਮਤ ਦਾ ਜ਼ੁਲਮ ਸਿਖ਼ਰਾਂ 'ਤੇ ਸੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਸਿੱਖਾਂ ਨੂੰ ਚਰਖੜ੍ਹੀਆਂ 'ਤੇ ਚਾੜ੍ਹਿਆ ਜਾ ਰਿਹਾ ਸੀ, ਘੋਰ ਤਸੀਹੇ ਦੇ ਕੇ ਮਾਰਿਆ ਜਾ ਰਿਹਾ ਸੀ ਤਾਂ ਉਸ ਸਮੇਂ ਜਿੱਥੇ ਸਿੱਖਾਂ ਨੇ ਸਿੱਖੀ ਸਿਦਕ ਦੀ ਅਦੁੱਤੀ ਮਿਸਾਲ ਪੈਦਾ ਕੀਤੀ, ਜ਼ਾਲਮ ਜਰਵਾਣਿਆਂ ਨੂੰ ਲੋਹੇ ਦੇ ਚਣੇ ਚਬਾਏ ਤੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਤਾਂ ਓਦੋਂ ਹੀ ਸੰਘਰਸ਼ ਦੀ ਇੱਕ ਨੀਤੀ ਤਹਿਤ ਸਿੱਖ ਜੰਗਲਾਂ-ਪਹਾੜਾਂ ਵੱਲ ਵੀ ਨਿਕਲ ਜਾਂਦੇ ਸਨ ਤੇ ਠੀਕ ਸਮਾਂ ਆਉਣ 'ਤੇ ਫਿਰ ਨਿੱਤਰਦੇ ਸਨ। ਇਸੇ ਤਰ੍ਹਾਂ ਜਦੋਂ ਹਿੰਦ ਸਰਕਾਰ ਨੇ ਵੀ ਅੱਤ ਚੁੱਕ ਲਈ, ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ-ਤੋਪਾਂ ਨਾਲ਼ ਫ਼ੌਜੀ ਹਮਲਾ ਕਰ ਦਿੱਤਾ, ਨਵੰਬਰ 1984 'ਚ ਸਿੱਖਾਂ ਦੇ ਗਲਾਂ 'ਚ ਬਲ਼ਦੇ ਟਾਇਰ ਪਾਏ ਗਏ, ਬੀਬੀਆਂ ਦੀ ਪੱਤ ਰੋਲੀ ਗਈ, ਸਿੱਖਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰਿਆ ਜਾਣ ਲੱਗਾ ਤਾਂ ਜਿੱਥੇ ਸਿੱਖ ਕੌਮ ਦੇ ਜੁਝਾਰੂ-ਸੂਰਮਿਆਂ ਨੇ ਇੱਕ ਦਹਾਕਾ ਹਕੂਮਤ ਨੂੰ ਵਖ਼ਤ ਪਾਈ ਰੱਖਿਆ, ਦਿੱਲੀ ਦਰਬਾਰ ਦੇ ਕਿੰਗਰੇ ਹਿਲ਼ਾ ਕੇ ਰੱਖ ਦਿੱਤੇ, ਪੰਜਾਬ ਦਾ ਮੈਦਾਨੀ ਇਲਾਕਾ ਹੋਣ ਦੇ ਬਾਵਜੂਦ ਵੀ ਲੰਮੀ ਜੰਗ ਲੜੀ ਤੇ ਇੱਕ ਨਵੇਂ ਇਤਿਹਾਸ ਨੂੰ ਜਨਮ ਦਿੱਤਾ। ਤੇ ਉਹਨਾਂ ਸਮਿਆਂ ਦੌਰਾਨ ਹੀ ਕਾਫ਼ੀ ਸਿੱਖਾਂ ਨੂੰ ਆਪਣਾ ਘਰ-ਪਰਿਵਾਰ ਅਤੇ ਦੇਸ ਪੰਜਾਬ ਤਿਆਗਣਾ ਵੀ ਪਿਆ। ਉਹਨਾਂ ਜੁਝਾਰੂ ਅਤੇ ਅਣਖ਼ੀਲੇ ਸਿੱਖਾਂ ਨੇ ਡਰ ਕੇ ਪੰਜਾਬ ਨਹੀਂ ਛੱਡਿਆ, ਉਹ ਝੁਕੇ-ਲਿਫ਼ੇ ਨਹੀਂ ਸਨ। ਉਹਨਾਂ ਨੇ ਆਪਣੀ ਤਾਕਤ ਅਤੇ ਸਮਰੱਥਾ ਤੋਂ ਵੱਧ ਕੇ ਸਰਕਾਰ ਨਾਲ਼ ਟੱਕਰ ਲਈ। ਤਾਂ ਹੀ ਉਹਨਾਂ ਸਿੰਘਾਂ ਦੇ ਖ਼ੌਫ਼ ਤੋਂ ਹਿੰਦ ਸਰਕਾਰ ਅੱਜ ਵੀ ਥਰ-ਥਰ ਕੰਬਦੀ ਹੈ। ਵਿਦੇਸ਼ਾਂ ਵਿੱਚ ਜਾ ਕੇ ਵੀ ਉਹ ਸਿੱਖ ਚੈਨ ਨਾਲ਼ ਨਹੀਂ ਬੈਠੇ, ਉਹਨਾਂ ਨੇ ਆਪਣੇ ਪੰਥ ਅਤੇ ਪੰਜਾਬ ਨੂੰ ਵਿਸਾਰਿਆ ਨਹੀਂ, ਉਹਨਾਂ ਨੇ ਖ਼ਾਲਿਸਤਾਨ ਦੇ ਸੰਘਰਸ਼ ਤੋਂ ਮੂੰਹ ਨਹੀਂ ਮੋੜਿਆ, ਉਹ ਓਥੇ ਰਹਿ ਕੇ ਜੋ ਕਰ ਸਕਦੇ ਸਨ ਉਹਨਾਂ ਕੀਤਾ। ਅਜਿਹੇ ਸਿੱਖਾਂ ਤੋਂ ਵਾਰੇ-ਵਾਰੇ ਜਾਣ ਨੂੰ ਦਿਲ ਕਰਦਾ ਹੈ। ਬਥੇਰੇ ਲੋਕ ਅਜਿਹੇ ਵੀ ਹਨ ਜੋ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਧਰਮ, ਬੋਲੀ, ਸੱਭਿਆਚਾਰ, ਪਹਿਰਾਵੇ ਅਤੇ ਮਿੱਟੀ ਤੋਂ ਦੂਰ ਹੋ ਜਾਂਦੇ ਹਨ ਪਰ ਧੰਨ ਹਨ ਉਹ ਸਿੰਘ-ਸੂਰਮੇ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੇ ਸਿੱਖ ਧਰਮ ਨੂੰ ਪ੍ਰਫੁੱਲਤ ਕੀਤਾ, ਖ਼ਾਲਿਸਤਾਨ ਦੇ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਸ਼ਹੀਦਾਂ ਦੀ ਬਾਤ ਪਾਈ, ਮਨੁੱਖੀ ਹੱਕਾਂ ਲਈ ਜ਼ੋਰਦਾਰ ਆਵਾਜ਼ ਉਠਾਈ, ਸਰਬੱਤ ਦੇ ਭਲੇ ਦੇ ਉਪਦੇਸ਼ ਨੂੰ ਕਮਾਇਆ। ਜਿਸ ਤੋਂ ਪ੍ਰਭਾਵਿਤ ਹੋ ਕੇ ਸੰਸਾਰ ਭਰ ਦੇ ਲੋਕ ਕਹਿਣ ਲਗ ਪਏ ਹਨ ਕਿ ਸਿੱਖ ਮਹਾਨ ਹਨ, ਸਿੱਖ ਇਮਾਨਦਾਰ ਹਨ, ਸਿੱਖਾਂ ਨਾਲ਼ ਭਾਰਤ 'ਚ ਅਨਿਆਂ ਹੋ ਰਿਹਾ ਹੈ, ਸਿੱਖ ਗ਼ੁਲਾਮ ਹਨ, ਸਿੱਖ ਬਾਗ਼ੀ ਹਨ, ਸਿੱਖਾਂ ਦਾ ਖ਼ਾਲਿਸਤਾਨ ਲਈ ਸੰਘਰਸ਼ ਜਾਇਜ਼ ਹੈ, ਅਜ਼ਾਦੀ ਦੀ ਗੱਲ ਕਰਨਾ ਸਿੱਖਾਂ ਦਾ ਹੱਕ ਹੈ। ਪੰਥ ਅਤੇ ਪੰਜਾਬ ਦਾ ਜਦੋਂ ਵੀ ਕੋਈ ਸੰਘਰਸ਼ ਚੱਲਦਾ ਹੈ, ਮੋਰਚਾ ਲੱਗਦਾ ਹੈ, ਮੁੱਦਾ ਭਖ਼ਦਾ ਹੈ ਤਾਂ ਵਿਦੇਸ਼ਾਂ 'ਚ ਵੱਸਦੇ ਸਿੱਖ ਹਰ ਪੱਖ ਤੋਂ ਸ਼ਾਨਦਾਰ ਰੋਲ ਅਦਾ ਕਰਦੇ ਹਨ। ਵਿਦੇਸ਼ਾਂ ਦੇ ਸਿੱਖਾਂ ਨੇ ਕਦੇ ਵੀ ਪੰਥ ਅਤੇ ਪੰਜਾਬ ਨੂੰ ਇਕੱਲਾ ਨਹੀਂ ਛੱਡਿਆ। ਉਹ ਵੀ ਜਾਣਦੇ ਹਨ ਕਿ ਸਾਡੀ ਵੀ ਸ਼ਾਨ ਪੰਥ ਅਤੇ ਪੰਜਾਬ ਕਰਕੇ ਹੈ ਤੇ ਪੰਜਾਬ ਜਿਊਂਦਾ ਰਹੇਗਾ ਤਾਂ ਸਾਡਾ ਵੀ ਮਾਣ ਬਰਕਰਾਰ ਰਹੇਗਾ। ਇਸ ਲਈ ਪੰਥ ਅਤੇ ਪੰਜਾਬ ਦੀ ਹੋਂਦ ਨਾਲ ਹੀ ਸਾਡੀ ਸਭ ਦੀ ਹੋਂਦ ਹੈ। ਸਰਕਾਰਾਂ ਪੰਥ ਅਤੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀਆਂ ਨੇ, ਸਿੱਖਾਂ ਨੂੰ ਪੰਜਾਬ ਬਚਾਉਣਾ ਪਏਗਾ, ਸਾਨੂੰ ਸੰਘਰਸ਼ ਲੜਨਾ ਪਏਗਾ। ਪੰਜਾਬ ਲਈ ਹਰੇਕ ਸਿੱਖ ਅਤੇ ਪੰਜਾਬੀ ਨੂੰ ਚਿੰਤਤ ਅਤੇ ਸੰਘਰਸ਼ਸ਼ੀਲ ਹੋਣ ਦੀ ਲੋੜ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੱਕ ਦਿਨ ਖ਼ਾਲਿਸਤਾਨ ਬਣੇਗਾ। ਮੈਂ ਸਮਝਦਾ ਹਾਂ ਕਿ ਵਿਦੇਸ਼ ਜਾਣਾ ਕੋਈ ਮਾੜੀ ਗੱਲ ਨਹੀਂ। ਪਰ ਆਪਣੇ ਪੰਥ ਅਤੇ ਪੰਜਾਬ ਨੂੰ ਭੁੱਲ ਜਾਣਾ ਤਾਂ ਤਬਾਹੀ ਹੈ। ਵਿਦੇਸ਼ ਜਾਣਾ, ਘੁੰਮਣਾ-ਫਿਰਨਾ, ਕਾਰੋਬਾਰ ਵਧਾਉਣਾ ਅਤੇ ਆਰਥਿਕ ਤੌਰ 'ਤੇ ਮਜਬੂਤ ਹੋਣਾ ਤੇ ਫਿਰ ਕੁਝ ਸਾਲਾਂ ਬਾਅਦ ਵਾਪਸ ਮੁੜ ਆਉਣ ਵਿੱਚ ਤਾਂ ਸਾਡੀ ਭਲਾਈ ਹੈ। ਅਸੀਂ ਆਪਣੇ ਮੂਲ ਅਤੇ ਜੜ੍ਹਾਂ ਤੋਂ ਨਾ ਟੁੱਟੀਏ। ਵਿਦੇਸ਼ ਜਾਣ ਦੀ ਦੌੜ ਵਿੱਚ ਕਈ ਨੌਜਵਾਨ ਬੇਵਜ੍ਹਾ ਪੰਜਾਬ ਨੂੰ ਨਿੰਦ-ਭੰਡ ਰਹੇ ਹਨ, ਜਦ ਕਿ ਪੰਜਾਬ ਦਾਤਾ ਹੈ, ਪੰਜਾਬ 'ਚ ਬਹੁਤ ਕੁਝ ਕਰਨ ਵਾਲ਼ਾ ਹੈ, ਇਹ ਸਾਡੇ ਪੁਰਖ਼ਿਆਂ ਦੀ ਧਰਤੀ ਹੈ, ਸਾਨੂੰ ਚਾਹੀਦਾ ਹੈ ਕਿ ਪੰਜਾਬ 'ਚ ਰਹਿ ਕੇ ਆਪਣੇ ਕਾਰੋਬਾਰ ਚਲਾਉਣ ਦੀ ਕੋਸ਼ਿਸ਼ ਕਰੀਏ। ਹਿੰਦ ਹਕੂਮਤ ਸਾਨੂੰ ਸਿੱਖੀ ਤੋਂ ਬਾਗ਼ੀ ਕਰਨਾ ਚਾਹੁੰਦੀ ਹੈ, ਸਾਨੂੰ ਪੰਜਾਬ ਦੀ ਧਰਤੀ ਤੋਂ ਦੂਰ ਕਰਨਾ ਚਾਹੁੰਦੀ ਹੈ, ਇਹ ਪੰਜਾਬ ਸਾਡਾ ਹੈ, ਅਸੀਂ ਸੰਘਰਸ਼ ਕੀਤੇ ਹਨ, ਖ਼ੂਨ ਡੋਲ੍ਹਿਆ ਹੈ, ਹੁਣ ਇਸ ਨੂੰ ਗ਼ੈਰਾਂ ਦੇ ਹੱਥ ਕਿਉਂ ਦਿੰਦੇ ਜਾ ਰਹੇ ਹਾਂ। ਸਿੱਖੋ ! ਹਕੂਮਤੀ ਜਾਲ 'ਚ ਨਾ ਫਸੋ, ਪੰਜਾਬ ਵਿਰੋਧੀ ਬਿਰਤਾਂਤ ਨੂੰ ਤੋੜਨ ਦੀ ਲੋੜ ਹੈ। ਪੰਜਾਬ ਲਈ ਜੂਝਣ ਵਾਲੇ ਅਤੇ ਆਵਾਜ਼ ਬੁਲੰਦ ਕਰਨ ਵਾਲੇ ਸਭਨਾਂ ਵੀਰਾਂ-ਭੈਣਾਂ ਦਾ ਧੰਨਵਾਦ ਹੈ। ਇਹ ਓਹੀ ਪੰਜਾਬ ਹੈ ਜਦ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਸਥਾਪਿਤ ਕੀਤਾ ਸੀ ਤਾਂ ਗੋਰੇ ਵੀ ਇੱਥੇ ਨੌਕਰੀਆਂ ਕਰਨ ਆਉਂਦੇ ਸਨ, ਪੰਜਾਬ ਐਨਾ ਅਮੀਰ ਤੇ ਖ਼ੁਸ਼ਹਾਲ ਸੀ। ਦੇਸ ਪੰਜਾਬ ਜ਼ਿੰਦਾਬਾਦ !



**-ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ),**
**ਮੋ : 88722-93883.**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜਿਲ੍ਹਾ ਅੰਮ੍ਰਿਤਸਰ ਦੇ ਬਲਾਕ ਜੰਡਿਆਲਾ ਗੁਰੂ ਦੇ ਕਸਬੇ ਟਾਂਗਰਾ 'ਚ

# ਜ਼ਿਲ੍ਹਾ ਆਗੂ ਪਲਵਿੰਦਰ ਸਿੰਘ ਮਾਹਲ ਦੀ ਅਗਵਾਈ ਹੇਠ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ



**ਜੰਡਿਆਲਾ ਗੁਰੂ 7 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)**-ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜਿਲ੍ਹਾ ਅੰਮ੍ਰਿਤਸਰ ਦੇ ਬਲਾਕ ਜੰਡਿਆਲਾ ਗੁਰੂ ਦੇ ਕਸਬੇ *ਟਾਂਗਰਾ* ਵਿੱਚ ਬਲਾਕ ਪ੍ਰਧਾਨ *ਦਲਜੀਤ ਸਿੰਘ ਖਾਲਸਾ* ਦੀ ਪ੍ਰਧਾਨਗੀ ਹੇਠ ਨਵੀਂ ਕਮੇਟੀ ਦਾ ਗਠਨ ਕਰ ਜੱਥੇਬੰਦਕ ਪਰਿਵਾਰ ਵਿਚ ਹੋਰ ਵਾਧਾ ਕੀਤਾ ਗਿਆ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਕਿਸਾਨ ਆਗੂ *ਅਮੋਲਕਜੀਤ ਸਿੰਘ ਨਰੈਣਗੜ੍ਹ, ਰਣਬੀਰ ਸਿੰਘ ਭੈਣੀ, ਸੁੱਖਰੂਪ ਸਿੰਘ ਧਾਰੜ* ਵੱਲੋਂ ਕਿਹਾ ਗਿਆ ਕਿ ਜੱਥੇਬੰਦੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਅੱਜ ਵੱਡੇ ਪੱਧਰ ਪਿੰਡ ਵਾਸੀ ਜੱਥੇਬੰਦੀ ਵਿੱਚ ਸ਼ਾਮਿਲ ਹੋਏ ਅਤੇ ਪਿੰਡ ਵਾਸੀਆਂ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਆਪਣੀਆਂ ਹੱਕੀ ਮੰਗਾਂ ਨੂੰ ਲੈਕੇ ਸਰਕਾਰ ਵਿਰੁੱਧ ਡੱਟਕੇ ਸੰਘਰਸ਼ ਕਰਨਗੇ ਤੇ ਜੱਥੇਬੰਦੀ ਦੇ ਮੋਢੇ ਨਾਲ ਮੋਢਾ ਜੋੜ ਕੇ ਚਲਣਗੇ। 2™" ਏਕਤਾ ਸਿੱਧੂਪੁਰ ਵੱਡੇ ਪੱਧਰ ਤੇ ਕਿਸਾਨਾਂ, ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਆ ਰਹੀ ਹੈ, ਚਾਹੇ ਪੰਜਾਬ ਦੀ ਮਾਨ ਸਰਕਾਰ ਹੋਵੇ, ਜਾਂ ਕੇਂਦਰ ਦੀ ਮੋਦੀ ਸਰਕਾਰ ਹੋਵੇ। ਸਰਕਾਰਾਂ ਵੱਲੋਂ ਆਮ ਲੋਕਾਂ ਲਈ ਕੀਤੀਆਂ ਵਧੀਕੀਆਂ ਅਤੇ ਧੱਕੇਸ਼ਾਹੀ ਵਿਰੁੱਧ ਜੱਥੇਬੰਦੀ ਅਵਾਜ਼ ਬੁਲੰਦ ਕਰਦੀ ਰਹੇਗੀ। ਕਿਸਾਨ ਆਗੂ *ਬਲਵਿੰਦਰ ਸਿੰਘ ਕੰਗ, ਰਣਜੀਤ ਸਿੰਘ ਰਾਣਾ, ਬਿਕਰਮਜੀਤ ਸਿੰਘ ਨਰੈਣਗੜ੍ਹ* ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਨੇ, ਕੇਂਦਰ ਦੀ ਮੋਦੀ ਸਰਕਾਰ ਨਾਲ ਮਿਲਕੇ ਜੋ ਖਨੌਰੀ ਬਾਰਡਰ ਅਤੇ ਸ਼ੰਬੂ ਬਾਰਡਰ ਤੇ ਚੱਲ ਰਹੇ ਮੋਰਚੇ ਦਾ ਘਾਂਣ ਕੀਤਾ ਹੈ, ਉਹ ਪੰਜਾਬ ਵਾਸੀ ਕਦੇ ਨਹੀਂ ਭੁੱਲਣਗੇ। ਇਹ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕਿੱਸੇ ਮੋਰਚੇ ਦੀ ਨੁਮਾਇੰਦਗੀ ਕਰਨ ਵਾਲੇ ਆਗੂਆਂ ਨੂੰ ਮੀਟਿੰਗ ਸੱਦ, ਗਿਰਫ਼ਤਾਰ ਕਰਨਾ, ਇਹ ਪਿੱਠ ਵਿੱਚ ਛੁਰਾ ਮਾਰਨ ਬਰਾਬਰ ਹੈ। ਇਸਤੋਂ ਆਪ ਸਰਕਾਰ ਦਾ ਕਿਸਾਨ – ਮਜ਼ਦੂਰ ਵਿਰੋਧੀ ਅਤੇ ਕਾਰਪੋਰੇਟ ਸੈਕਟਰ ਦੇ ਪੱਖ ਵਿੱਚ ਹੋਣ ਦਾ ਚਿਹਰਾ ਜੱਗ ਜਾਹਿਰ ਹੁੰਦਾ ਹੈ।ਕਿਸਾਨ ਆਗੂਆਂ ਕਿਹਾ ਕਿ ਸਰਕਾਰ ਆਪਣੇ ਮੰਨ ਦਾ ਭੁਲੇਖਾ ਦੂਰ ਕਰਦੇ ਕਿ ਓਹਨਾ ਕਿਸਾਨਾਂ ਮਜ਼ਦੂਰਾਂ ਦਾ ਮੋਰਚਾ ਖਤਮ ਕਰਾ ਦਿੱਤਾ, ਸਗੋਂ ਇਸ ਨਾਲ ਮੋਰਚਾ ਪਹਿਲਾਂ ਨਾਲੋਂ ਹੋਰ ਮਜ਼ਬੂਤੀ ਨਾਲ ਨਿੱਖਰ ਕੇ ਅੱਗੇ ਆਵੇਗਾ ਅਤੇ ਅੰਤ ਸਰਕਾਰ ਨੂੰ ਕਿਸਾਨਾਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਅੱਗੇ ਚੁੱਕਣਾ ਪਵੇਗਾ।ਇਸ ਮੌਕੇ ਕਸਬਾ ਟਾਂਗਰਾ ਵਿੱਚ ਚੋਣ ਕਰਵਾਕੇ ਸਰਬ ਸੰਮਤੀ ਨਾਲ ਪ੍ਰਧਾਨ ਗੁਰਮੇਜ ਸਿੰਘ, ਸਕੱਤਰ ਜਸਵੰਤ ਸਿੰਘ ਮਾਹਲਾ, ਖਜਾਨਚੀ ਸਰੂਪ ਸਿੰਘ, ਪ੍ਰੈਸ ਸਕੱਤਰ ਗੁਰਸਿਮਰਨ ਸਿੰਘ, ਮੈਂਬਰ ਸਰਮਖ ਸਿੰਘ, ਨਿਛੱਤਰ ਸਿੰਘ, ਜਸਵੰਤ ਸਿੰਘ, ਅੰਗਰੇਜ ਸਿੰਘ, ਬੁੱਕਣ ਸਿੰਘ, ਬਸੰਤ ਸਿੰਘ, ਗੁਰਭੇਜ ਸਿੰਘ, ਅਮਰਿੰਦਰ ਸਿੰਘ ਨੂੰ ਬਣਾਇਆ ਗਿਆ।

ਕਿਸਾਨ ਨੌਜਵਾਨ ਸੰਘਰਸ਼ ਕਮੇਟੀ ਦਾ ਜ਼ਿਲ੍ਹਾ ਪ੍ਰਧਾਨ ਟੈਣੀ ਵਡਾਲਾ ਸਾਥੀਆਂ ਸਮੇਤ

# ਬੀਕੇਯੂ ਸਿੱਧੂਪੁਰ ਜਥੇਬੰਦੀ ਵਿੱਚ ਸ਼ਾਮਿਲ



**ਚੌਕ ਮਹਿਤਾ, 7 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਿਸਾਨ ਨੌਜਵਾਨ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨੰਬਰਦਾਰ ਸਵਿੰਦਰ ਸਿੰਘ ਟੈਣੀ ਵਡਾਲਾ ਆਪਣੇ ਅਨੇਕਾਂ ਸਾਥੀਆਂ ਸਮੇਤ ਅੱਜ ਜਥੇਬੰਦੀ ਨੂੰ ਛੱਡ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ( ਸਿੱਧੂਪੁਰ) ਵਿੱਚ ਸ਼ਾਮਿਲ ਹੋ ਗਏ, ਜਿਨ੍ਹਾਂ ਨੂੰ ਅੱਜ ਅੱਡਾ ਬਾਉਲੀ, ਪਿੰਡ ਵਡਾਲਾ ਭਿੱਟੇਵੱਡ ਦੇ ਗੁਰਦੁਆਰਾ ਸੰਗਤਸਰ ਸਾਹਿਬ ਵਿਖੇ ਹੋਏ ਕਿਸਾਨਾਂ ਦੇ ਇੱਕ ਵੱਡੇ ਇਕੱਠ ਦੌਰਾਨ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਪਲਵਿੰਦਰ ਸਿੰਘ ਮਾਹਲ ਵੱਲੋਂ ਸਨਮਾਨਿਤ ਕੀਤਾ ਗਿਆ। ਟੈਣੀ ਵਡਾਲਾ ਦੇ ਨਾਲ ਜਥੇਬੰਦੀ ਵਿੱਚ ਸ਼ਾਮਿਲ ਹੋਣ ਵਾਲੇ ਹਰਭਜਨ ਸਿੰਘ ਵਡਾਲਾ, ਮਨਦੀਪ ਬਤਰਾ, ਪਲਵਿੰਦਰ ਸਿੰਘ ਸ਼ਾਹਪੁਰ, ਅਰਵਿੰਦਰਜੀਤ ਸਿੰਘ ਛੀਨਾ, ਹਰਪਾਲ ਸਿੰਘ ਬਿੱਟੂ, ਲਖਬੀਰ ਸਿੰਘ ਸੋਨਾ, ਪੂਰਨ ਸਿੰਘ ਫੌਜੀ, ਸੁਰਿੰਦਰ ਸਿੰਘ ਧਨੋਏ, ਬਲਰਾਜ ਸਿੰਘ ਮਾਨਾਂਵਾਲਾ, ਹਰਪਿੰਦਰ ਸਿੰਘ ਵਡਾਲਾ ਆਦਿ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਪਲਵਿੰਦਰ ਸਿੰਘ ਮਾਹਲ ਨੇ ਕਿਹਾ ਕਿ 10 ਅਪ੍ਰੈਲ ਨੂੰ ਪਿੰਡ ਕੋਹਾਲੀ ਦੇ ਪ੍ਰੀਤਮ ਸਟੇਡੀਅਮ ਵਿਖੇ ਜਥੇਬੰਦੀ ਵੱਲੋਂ ਮਹਾਂ ਪੰਚਾਇਤ ਕਰਵਾਈ ਜਾ ਰਹੀ ਹੈ, ਜਿਸ ਵਿੱਚ ਸੂਬਾਈ ਆਗੂ ਜਗਜੀਤ ਸਿੰਘ ਡੱਲੇਵਾਲ, ਕਾਕਾ ਸਿੰਘ ਕੋਟੜਾ ਸਮੇਤ ਪੰਜਾਬ ਦੇ ਵੱਡੇ ਆਗੂ ਪਹੁੰਚ ਰਹੇ ਹਨ ਅਤੇ ਉਸ ਮਹਾਂ ਪੰਚਾਇਤ ਦੀਆਂ ਤਿਆਰੀਆਂ ਸਬੰਧੀ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਕਿਸਾਨ ਆਗੂਆਂ ਨੂੰ ਭਰੋਸੇ ਵਿੱਚ ਲੈ ਕੇ ਉਨ੍ਹਾਂ ਨਾਲ ਵਿਸ਼ਵਾਸ ਘਾਤ ਕੀਤਾ ਅਤੇ ਉਨ੍ਹਾਂ ਦੇ ਮੋਰਚੇ ਨੂੰ ਮਲੀਆਮੇਟ ਕਰਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਉਹ ਇੱਕ ਵੱਡਾ ਸੰਘਰਸ਼ ਉਲੀਕ ਰਹੇ ਹਨ ਅਤੇ ਸਰਕਾਰ ਦਾ ਹਰ ਥਾਂ ਤੇ ਸਖਤ ਵਿਰੋਧ ਕੀਤਾ ਜਾਵੇਗਾ। ਇਸ ਮੀਟਿੰਗ ਦੇ ਸਮੇਂ ਬਲਬੀਰ ਸਿੰਘ ਬੋਪਾਰਾਏ, ਨਿਰਮਲ ਸਿੰਘ ਕਲੇਰ, ਨੰਬਰਦਾਰ ਰੇਸ਼ਮ ਸਿੰਘ ਕੋਹਾਲੀ, ਬਲਾਕ ਚੋਗਾਵਾਂ ਦੇ ਪ੍ਰਧਾਨ ਸਵਿੰਦਰ ਸਿੰਘ ਕਲੇਰ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਸਰਕਾਰ ਦੀਆਂ ਇਨ੍ਹਾਂ ਹਰਕਤਾਂ ਤੋਂ ਡਰਨ ਵਾਲੇ ਨਹੀਂ ਅਤੇ ਕਿਸਾਨਾਂ ਦਾ ਸੰਘਰਸ਼ ਲਗਾਤਾਰ ਕੇਂਦਰ ਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਜਾਰੀ ਰਹੇਗਾ। ਇਸ ਮੌਕੇ ਤੇ ਕਿਸਾਨ ਆਗੂ ਜੈਮਲ ਸਿੰਘ ਵਡਾਲਾ, ਬਲਜਿੰਦਰ ਸਿੰਘ ਵਡਾਲਾ ਆਦਿ ਵੀ ਹਾਜ਼ਰ ਸਨ।

**10 ਅਪ੍ਰੈਲ ਨੂੰ ਕੋਹਾਲੀ ਦੇ ਪ੍ਰੀਤਮ ਸਟੇਡੀਅਮ ਵਿੱਚ ਕਰਵਾਈ ਜਾ ਰਹੀ ਹੈ ਮਹਾਂ ਪੰਚਾਇਤ : ਪਲਵਿੰਦਰ ਮਾਹਲ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਨਬੀਮ ਕੌਨਵੈਂਟ ਸਕੂਲ ਹਠੂਰ ਦਾ ਪੰਜਵੀਂ ਅਤੇ ਅੱਠਵੀਂ ਕਲਾਸ ਦਾ ਨਤੀਜਾ 100 ਫੀਸਦੀ ਰਿਹਾ-ਪ੍ਰਿੰਸੀਪਲ ਮਨਮੋਹਨਜੀਤ ਕੌਰ





ਜਗਰਾਉਂ –(ਵਰਿਆਮ ਹਠੂਰ) ਵਿੱਦਿਆ ਦੇ ਖੇਤਰ ਵਿੱਚ ਮੋਹਹੀ ਭੂਮਿਕਾ ਨਿਭਾ ਰਹੀ ਇਲਾਕੇ ਦੀ ਨਾਮਵਾਰ ਵਿੱਦਿਅਕ ਸੰਸਥਾ ਸਨਬੀਮ ਕੌਨਵੈਂਟ ਸਕੂਲ ਹਠੂਰ ਦੇ ਵਿਦਿਆਰਥੀਆਂ ਦਾ ਪੰਜਵੀਂ ਅਤੇ ਅੱਠਵੀਂ ਬੋਰਡ ਦੀਆਂ ਜਮਾਤਾਂ ਦਾ ਨਤੀਜਾ 100% ਰਿਹਾ। ਪ੍ਰਿੰਸੀਪਲ ਮਨਮੋਹਨਜੀਤ ਕੌਰ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸਨਬੀਮ ਕੌਨਵੈਂਟ ਸਕੂਲ ਪੇਂਡੂ ਖੇਤਰ ਦੇ ਲੋੜਵੰਦ ਬੱਚਿਆਂ ਲਈ ਚਾਨਣ ਮੁਨਾਰਾ ਹੈ। ਜੋ ਲੋੜਵੰਦ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਅੱਜ ਵੀ ਯਤਨਸ਼ੀਲ ਹੈ। ਅਤੇ ਇਹ ਸਕੂਲ ਕਈ ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਿਹਾ ਹੈ। ਇਸ ਸਕੂਲ ਦੇ ਬਹੁਤ ਸਾਰੇ ਵਿਦਿਆਰਥੀ ਆਪਣੀ ਵਿੱਦਿਆ ਮੁਕੰਮਲ ਕਰਕੇ ਜਿੰਦਗੀ ਵਿੱਚ ਸਫਲਤਾ ਹਾਸਲ ਕਰ ਚੁੱਕੇ ਹਨ ਅਤੇ ਸਕੂਲ ਅੱਜ ਵੀ ਬਹੁਤ ਸਾਰੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਫਲਤਾ ਹਾਸਲ ਕਰਵਾਉਣ ਲਈ ਯਤਨਸ਼ੀਲ ਹੈ ਜਿੱਥੇ ਵਿਦਿਆਰਥੀਆਂ ਨੂੰ ਵਿੱਦਿਆ ਦੇ ਨਾਲ ਨਾਲ ਸੱਭਿਆਚਾਰ ਅਤੇ ਸੰਸਕਾਰਾਂ ਨਾਲ ਜੋੜਨਾ ਲਈ ਵੀ ਯਤਨਸ਼ੀਲ ਹੈ। ਉੱਥੇ ਅਜੋਕੇ ਸਮੇਂ ਵਿੱਚ ਜਿੱਥੇ ਪ੍ਰਾਈਵੇਟ ਸਕੂਲਾਂ ਵਿੱਚ ਵਿੱਦਿਆ ਹਾਸਲ ਕਰਨ ਲਈ ਭਾਰੀ ਫੀਸਾਂ ਅਦਾ ਕਰਨੀਆਂ ਪੈਂਦੀਆਂ ਹਨ ਉੱਥੇ ਹੀ ਸਨਬੀਮ ਕੌਨਵੈਂਟ ਸਕੂਲ ਬਹੁਤ ਘੱਟ ਫੀਸਾਂ ਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਉਪਰਾਲੇ ਕਰ ਰਿਹਾ ਹੈ। ਪ੍ਰਿੰਸੀਪਲ ਮੈਡਮ ਨੇ ਅੱਗੇ ਕਿਹਾ ਕਿ ਵਿਦਿਆਰਥਣ ਅਵਨੀਤ ਕੌਰ ਨੇ 500 ਅੰਕਾਂ ਵਿੱਚੋਂ 500 ਅੰਕ ਹਾਸਲ ਕੀਤੇ,ਅਤੇ ਜੀਵਨ ਜੋਤ ਕੌਰ ਨੇ ਵੀ 500 ਅੰਕਾਂ ਵਿੱਚੋਂ 500 ਅੰਕ ਪ੍ਰਾਪਤ ਕੀਤੇ, ਅਤੇ ਇਸੇ ਤਰ੍ਹਾਂ ਅਗਮਜੋਤ ਕੌਰ ਨੇ 500 ਵਿੱਚੋਂ 498 ਅੰਕ ਪ੍ਰਾਪਤ ਕੀਤਾ ਸਾਡੇ ਸਕੂਲ ਸਕੂਲ ਸਟਾਫ਼ ਵੱਲੋਂ ਬੱਚਿਆਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਬਹੁਤ ਬਹੁਤ ਮੁਬਾਰਕਾਂ, ਇਸ ਮੌਕੇ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ ਮੈਡਮ ਗੁਰਮੀਤ ਕੌਰ ਮੈਡਮ ਗਗਨਜੀਤ ਕੌਰ ਮੈਡਮ ਮਨਜੋਤ ਕੌਰ ਮੈਡਮ ਗਗਨਦੀਪ ਕੌਰ ਮੈਡਮ ਕਮਲਜੀਤ ਕੌਰ ਅਤੇ ਮੈਡਮ ਨਵਜੋਤ ਕੌਰ ਆਦਿ ਹਾਜ਼ਰ ਸਨ।

# ਵਿਸ਼ਵ ਸਿਹਤ ਦਿਵਸ ਮੌਕੇ ਜਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ ਦਾ ਕੀਤਾ ਆਯੋਜਨ



ਚੌਕ ਮਹਿਤਾ,7 ਅਪ੍ਰੈਲ( ਬਾਬਾ ਸੁਖਵੰਤ ਸਿੰਘ ਚੰਨਣਕੇ )ਸਿਹਤ ਵਿਭਾਗ ਵੱਲੋ ਸਿਵਲ ਸਰਜਨ ਡਾ ਕਿਰਨਦੀਪ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ ਕੇ ਡੀ ਨਰਸਿੰਗ ਕਾਲਜ ਵਿਖੇ ਵਿਸ਼ਵ ਸਿਹਤ ਦਿਵਸ ਮੌਕੇ ਜਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਨੀਲਮ ਭਗਤ ਨੇ ਕਿਹਾ ਕਿ ਵਿਸ਼ਵ ਸਿਹਤ ਸੰਸਥਾ ਵਲੋਂ ਹਰ ਸਾਲ 7 ਅਪ੍ਰੈਲ ਨੂੰ ਵਿਸ਼ਵ ਸਿਹਤ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਸਾਲ ਦਾ ਥੀਮ "ਸਿਹਤ ਮੰਦ ਜੀਵਨ ਦੀ ਸ਼ੁਰੂਆਤ ਹੀ ਚੰਗੇ ਭਵਿੱਖ ਦਾ ਨਿਰਮਾਣ ਕਰਦੀ ਹੈ।" ਅਨੁਸਾਰ ਪੂਰੇ ਜਿਲੇ ਭਰ ਦੀਆਂ ਸਾਰੀਆਂ ਸਿਹਤ ਸੰਸਥਾਵਾ ਵਿਚ ਵਿਸ਼ਵ ਸਿਹਤ ਦਿਵਸ ਵੱਲ ਮਨਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਰੋਜ਼ਾਨਾ ਦੀ ਭੱਜ ਦੌੜ ਦੀ ਜਿੰਦਗੀ ਵਿੱਚੋ ਆਪਣੇ ਆਪ ਲਈ ਸਮਾਂ ਕੱਢਣਾ ਬਹੁਤ ਜਰਰੀ ਹੈ, ਸਾਨੂੰ ਯੋਗਾ, ਕਸਰਤ, ਪੌਸ਼ਿਟਕ ਆਹਾਰ ਅਤੇ ਸਿਹਤਮੰਦ ਆਦਤਾਂ ਆਪਣਾਉਣੀਆ ਚਾਹੀਦੀਆਂ ਹਨ। ਇਸ ਅਵਸਰ ਤੇ ਜਿਲ੍ਹਾ ਐਮ ਈ ਆਈ ਉ ਅਮਰਦੀਪ ਸਿੰਘ, ਚੇਅਰਮੈਨ ਡਾ ਸੁਖਵਿੰਦਰ ਸਿੰਘ ਵਾਲੀਆ, ਸੀ ਕੇ ਡੀ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਮੈਡਮ ਯਾਸ਼ਪ੍ਰੀਤ ਕੋਰ, ਸ. ਸੰਤੋਖ ਸਿੰਘ ਸੇਠੀ, ਸ. ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ. ਜਗਜੀਤ ਸਿੰਘ, ਸ. ਕੁਲਜੀਤ ਸਿੰਘ ਸਾਹਨੀ, ਸ. ਰਮਨੀਕ ਸਿੰਘ, ਡਾ.ਅਮਨਪ੍ਰੀਤ ਕੌਰ, ਪ੍ਰਿੰਸੀਪਲ, ਖਾਲਸਾ ਕਾਲਜ ਆਫ ਨਰਸਿੰਗ ਡਾ. ਕਰੁਨਾ ਸ਼ਰਮਾ, ਪ੍ਰੋਫੈਸਰ ਗੁਰੂ ਰਾਮਦਾਸ ਕਾਲਜ ਆਫ ਨਰਸਿੰਗ ਪ੍ਰੋਫੈਸਰ ਰੁਪਿੰਦਰਜੀਤ ਕੌਰ, ਗੌਰਮਿੰਟ ਨਰਸਿੰਗ ਕਾਲਜ ਮੈਡਮ ਰਿਪੁਦਮਨਜੀਤ ਕੌਰ, ਪ੍ਰਿੰਸੀਪਲ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਾਜ਼ਰ ਸਨ।

# ਪੰਜਾਬ ਸਿੱਖਿਆ ਕ੍ਰਾਂਤੀ: ਸੰਸਦ ਮੈਂਬਰ ਮੀਤ ਹੇਅਰ ਵਲੋਂ 82.89 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ

**ਬਰਨਾਲਾ, 7 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਵਿਕਾਸਪੱਖੀ ਸੋਚ ਤਹਿਤ ਸੂਬੇ ਭਰ ਵਿਚ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਕਰੋੜਾਂ ਦੇ ਪ੍ਰੋਜੈਕਟ 'ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ' ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ ਜਾ ਰਹੇ ਹਨ। ਇਸੇ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਬਰਨਾਲਾ ਵਿੱਚ ਲੋਕ ਸਭਾ ਮੈਂਬਰ ਸੰਗਰੂਰ ਸ. ਗੁਰਮੀਤ ਸਿੰਘ ਮੀਤ ਹੇਅਰ ਵਲੋਂ ਵੱਖ ਵੱਖ ਸਕੂਲਾਂ ਵਿਚ 82 ਲੱਖ ਤੋਂ ਵੱਧ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਸੇਖਵਾਂ ਵਿੱਚ 11.26 ਲੱਖ ਦੀ ਲਾਗਤ ਨਾਲ ਚਾਰਦੀਵਾਰੀ ਦਾ ਕੰਮ ਮੁਕੰਮਲ ਹੋਣ 'ਤੇ ਉਦਘਾਟਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਸਰਕਾਰ ਮਿਡਲ ਸਕੂਲ ਪੱਤੀ ਸੇਖਵਾਂ ਵਿੱਚ 11.82 ਲੱਖ ਦੀ ਲਾਗਤ ਨਾਲ ਕਮਰੇ ਅਤੇ ਚਾਰਦੀਵਾਰੀ ਦੇ ਕੰਮ ਦਾ ਉਦਘਾਟਨ ਕੀਤਾ। ਉਨ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਲੜਕੀਆਂ ਵਿਚ 38.66 ਲੱਖ ਦੀ ਲਾਗਤ ਵਾਲੇ ਚਾਰਦੀਵਾਰੀ ਦੇ ਕੰਮ, ਜਮਾਤ ਦੇ ਕਮਰਿਆਂ ਦੇ ਕੰਮ ਦਾ ਉਦਘਾਟਨ ਕੀਤਾ। ਇਸੇ ਤਰ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਬਾਜਵਾ ਪੱਤੀ ਵਿੱਚ 21.15 ਲੱਖ ਦੀ ਲਾਗਤ ਨਾਲ ਕਮਰਿਆਂ, ਪਖਾਨਿਆਂ, ਚਾਰ ਦੀਵਾਰੀ ਦੇ ਕੰਮ ਦਾ ਉਦਘਾਟਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿੱਚ ਕਰੋੜਾਂ ਰੁਪਏ ਦੇ ਪ੍ਰੋਜੈਕਟ ਨੇਪਰੇ ਚਾੜੇ ਜਾ ਰਹੇ ਹਨ, ਇਸ ਨਾਲ ਜਿੱਥੇ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਹੋਵੇਗਾ, ਓਥੇ ਸਿੱਖਿਆ ਦਾ ਮਿਆਰ ਹੋਰ ਉੱਚਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਦੀ ਤਰਜ਼ 'ਤੇ ਸਹੂਲਤਾਂ ਮੁਹਈਆ ਕਰਾਈਆਂ ਜਾ ਰਹੀਆਂ ਹਨ, ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰ ਰਹੇ ਹਨ। ਉਨ੍ਹਾਂ ਕਿਹਾ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਲਈ ਵਚਨਬੱਧ ਹੈ।

ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਤੇ 20 ਅਪ੍ਰੈਲ ਨੂੰ ਸਾਲਜਬਰਗ ਵਿਖੇ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ

# ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੇ ਗੁਰਦੁਆਰਾ ਗਰਾਸ ਵਿਖੇ ਹਾਜਰੀ ਭਰੀ

## ਮੁੱਖ ਬੁਲਾਰੇ ਅਸਟਰੀਆ ਯੂਰਪ ਭਾਈ ਵਰਿੰਦਰ ਸਿੰਘ ਜੀ ਜੌਹਲ ਵੱਲੋਂ ਜੀ ਆਇਆ ਕਿਹਾ ਗਿਆ













ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਲਜਬਰਗ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਅੱਜ ਮਿਤੀ 6 ਅਪ੍ਰੈਲ ਨੂੰ ਗੁਰਦੁਆਰਾ ਗਰਾਸ ਵਿਖੇ ਸੰਗਤਾਂ ਨੂੰ ਸੱਦਾ ਪੱਤਰ ਦੇਣ ਵਾਸਤੇ ਇੰਟਰਨੈਸਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਪਹੁੰਚ ਗਏ ਹਾਜਰੀ ਭਰੀ ਤੇ ਪਾਵਨ ਉਪਦੇਸ਼ ਹੁਕਮਨਾਮੇ ਦੀ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਅਤੇ ਸੰਗਤਾਂ ਨੂੰ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚਣ ਲਈ ਸੰਬੋਧਨ ਕੀਤਾ। ਇਸੇ ਤਰ੍ਹਾਂ ਭਾਈ ਵਰਿੰਦਰ ਸਿੰਘ ਜੀ ਜੌਹਲ ਮੁੱਖ ਬੁਲਾਰੇ ipd ਅਸਟਰੀਆ ਯੂਰਪ ਅਤੇ ਪ੍ਰਧਾਨ ਗਰਾਸ ਭਾਈ ਸੁਰਜੀਤ ਸਿੰਘ ਕਾਹਲੋਂ ਨੇ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਨੂੰ ਜੀ ਆਇਆ ਕਿਹਾ। ਇਸ ਮੌਕੇ ਦਲੀਪ ਕੁਮਾਰ, ਪਵਨੀਤ ਸਿੰਘ,ਰਾਮ ਲਬਾਇਆ, ਗ੍ਰੰਥੀ ਕਸ਼ਮੀਰ ਸਿੰਘ, ਦਿਲਾਵਰ ਸਿੰਘ, ਹਿੰਮਤ ਸਿੰਘ, ਜਰਨੈਲ ਸਿੰਘ, ਹਰਵੰਤ ਸਿੰਘ ,ਬਲਵਿੰਦਰ ਸਿੰਘ, ਜਗਦੀਸ ਸਿੰਘ, ਲਵਪ੍ਰੀਤ ਸਿੰਘ ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

-ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243